CIN: L67120PB1993PLC013169

# Regency Fincorp Limited

(Formerly Known as: -Regency Investments Limited)
Corp. & Regd. Office :Unit No.57-58, 4th Floor, Sushma Infinium,
Chandigarh-Ambala Highway, Zirakpur -140603
Contact No.: +91 77175 93645 Web.: www.regencyfincorp.com
E-mail : regencyinvestmentsltd@gmail.com

**Date: 01st May, 2024**

**To**
**The Listing Department**
**BSE Limited,**
**25th Floor, Phiroze Jeejeebhoy Towers,**
**Dalal Street Mumbai, Maharashtra – 400001**

**Sub.: INTIMATION UNDER REGULATION 47 OF SEBI (LISTING OBLIGATIONS AND DISCLOSURE REQUIREMENTS) REGULATIONS, 2015**

**Ref: Regency Fincorp Limited (Scrip Code: 540175)**

Dear Sir/Madam,

Pursuant to Regulation 47 of SEBI (Listing Obligations and Disclosure Requirements) Regulations, 2015, we wish to inform you that the Audited Financial Results of the Company for the Quarter and year ended on 31st March, 2024 which were considered and approved by the Board of Directors at their meeting held on **Tuesday, 30th April, 2024** through Video Conferencing have been published in newspapers namely **"Desh Sevak- Chandigarh Edition",** a Punjabi Daily Newspaper and **"Financial Express- Chandigarh Edition",** an English Daily Newspaper on **01st May, 2024.**

The cuttings of the above-mentioned newspapers evidencing the publication of the said audited Financial Results for the Quarter and year ended 31st March, 2024 are enclosed herewith for your ready reference.

This is for your kind information and record.

Thanking You.

**FOR REGENCY FINCORP LIMITED**

GAURAV KUMAR

Digitally signed by GAURAV KUMAR
DN: c=IN, o=PERSONAL, title=4167, pseudonym=c29560ebe90143d3a54f4742c3ed4585, 2.5.4.20=036a773ae3b2c4a738a1f376ae0d1f7acc7aa1017ebb0d1c4be77f7afc80631b, postalCode=140603, st=Punjab, serialNumber=26c10d5447de01730d14a5035b6cfb02b93629ae41bbe34bcf48c1fd1df9afdb, cn=GAURAV KUMAR
Date: 2024.05.01 12:56:51 +05'30'

**GAURAV KUMAR**
**MANAGING DIRECTOR**
**DIN: 06717452**

**Encl: a/a**

# ਮਾ. ਦੇਵਰਾਜ ਪਾਠਕ ਦੇ ਵਿਆਹ ਦੀ 50ਵੀਂ ਵਰ੍ਹੇਗੰਢ ਮਨਾਈ

## ਖੁਸ਼ੀ 'ਚ ਚੌਂਕਾ ਨੂੰ 11 ਹਜ਼ਾਰ ਰੁਪਏ ਸੇਵਾ 'ਚ ਦਿੱਤੇ



**ਹਰਭਜਨ**
**ਪੱਟੀ/30 ਅਪ੍ਰੈਲ :** ਪਾਠਕ ਪਰਿਵਾਰ ਵੱਲੋਂ ਮਾ: ਦੇਵਰਾਜ ਪਾਠਕ ਤੇ ਕਮਲਾ ਦੇਵੀ ਪਾਠਕ ਦੇ ਵਿਆਹ ਦੀ 50 ਵੀਂ ਵਰ੍ਹੇਗੰਡ (ਗੋਲਡਨ ਜੁਬਲੀ) ਦੀ ਖੁਸ਼ੀ ਮੌਕੇ ਪਾਠਕ ਨਿਵਾਸ , ਮੁਹੱਲਾ ਭੁੱਲਿਆਂ ਵਾਲਾ ਵਿਖੇ ਸਤਸੰਗ ਕਰਵਾਈਆਂ ਅਤੇ ਕੇਕ ਕੱਟ ਕੇ ਵਿਆਹ ਦੀ 50 ਵੀਂ ਵਰ੍ਹੇ ਦੀ ਖੁਸ਼ੀ ਸਾਂਝੀ ਕੀਤੀ।

ਇਸ ਮੌਕੇ ਮਾ: ਦੇਵਰਾਜ ਪਾਠਕ ਵੱਲੋਂ ਚੌਂਕਾ ਬੀਬੀ ਰਜਨੀ ਜੀ ਦੇ ਪ੍ਰਬੰਧਕ ਭਵਨ ਕੁਮਾਰ ਟਾਰ ਨੂੰ 11000 ਹਜਾਰ ਰੁਪਏ ਦੀ ਰਾਸ਼ੀ ਸਹਾਇਤਾ ਵਜੋਂ ਦਿੰਦਿਆਂ ਉਨ੍ਹਾਂ ਕਿਹਾ ਕਿ ਪ੍ਰਮਾਤਮਾ ਦੀ ਬਹੁਤ ਕਿਰਪਾ ਹੈ ਕਿ ਅਸੀਂ ਦੋਵੇਂ ਜੀ ਬਤੌਰ ਅਧਿਆਪਕ ਸੇਵਾ ਮੁਕਤ ਹੋਏ ਹਾਂ। ਉਹਨਾਂ ਕਿਹਾ ਕਿ ਚੌਂਕਾ ਵੱਲੋਂ ਲੋੜਵੰਦ ਪਰਿਵਾਰਾਂ ਨੂੰ 10 ਰੁਪਏ ਵਿੱਚ ਢਿਡ ? ਭਰਕੇ ਪ੍ਰਸ਼ਾਦਾ ਛਕਾਉਣ ਦੀਆਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਤੋਂ ਬਹੁਤ ਪ੍ਰਭਾਵਿਤ ਹਨ । ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਆਪਣੇ ਵਿਆਹ ਦੀ ਵਰ੍ਹੇਗੰਢ ਮੋਕੇ ਚੌਂਕਾ ਬੀਬੀ ਰਜਨੀ ਜੀ ਦਾ ਦਸਵੰਧ ਕੱਢ ਕੇ ਮਨ ਨੂੰ ਸਕੂਨ ਮਿਲਦਾ ਹੈ ।

ਚੌਂਕਾ ਬੀਬੀ ਰਜਨੀ ਜੀ ਦੇ ਪ੍ਰਬੰਧਕ ਭਵਨ ਕੁਮਾਰ ਟਾਹ ਨੇ ਪਾਠਕ ਪਰਿਵਾਰ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਚੌਂਕਾ ਬੀਬੀ ਰਜਨੀ ਜੀ ਦਾ ਅਜਿਹੇ ਸਮਾਜਸੇਵੀਆਂ ਦੇ ਸਹਿਯੋਗ ਸਦਕਾ ਆਪਣੀਆਂ ਸੇਵਾਂਵਾਂ ਨਿਭਾਅ ਰਿਹਾ ਹੈ । ਉਹਨਾਂ ਦੱਸਿਆ ਕਿ ਚੌਂਕਾ ਵੱਲੋਂ ਸਿਰਫ 10 ਰੁਪਏ ਵਿੱਚ ਢਿੱਡ ਭਰ ਕੇ ਪ੍ਰਸ਼ਾਦਾ ਛਕਾਇਆ ਜਾਂਦਾ ਹੈ ਅਤੇ ਪਿਛਲੇ ਸੱਤ ਸਾਲਾਂ ਤੋਂ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾ ਰਿਹਾ ਹੈ। ਸਮਾਜਸੇਵੀ ਅਤੇ ਬੁਧੀਜੀਵੀ ਲੋਕ ਆਪਣੇ ਬੱਚਿਆਂ ਦੇ ਜਨਮ ਦਿਨ, ਵਿਆਹ ਦੀ ਵਰ੍ਹੇਗੰਢ ਅਤੇ ਬਜ਼ੁਰਗਾਂ ਦੀਆਂ ਬਰਸੀਆਂ ਹਰੇਕ ਖੁਸ਼ੀ ਗਮੀ ਚੌਂਕਾਂ ਨਾਲ ਸਾਂਝੀ ਕਰਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਈ ਜੀ ਆਨੰਦਪੁਰ ਆਸ਼ਰਮ ਵਾਲੇ, ਦਿਨੇਸ਼ ਪਾਠਕ, ਨੀਰਜ ਪਾਠਕ, ਗੌਰਵ ਪਾਠਕ, ਕਮਲਾਂ ਦੇਵੀ, ਅਨੀਤਾ ਪਾਠਕ, ਸੁਮਨ ਸ਼ਰਮਾ, ਸ਼ੈਲੀ ਪਾਠਕ, ਆਸਥਾ ਸ਼ਰਮਾ, ਮਥੁਰ ਪਾਠਕ, ਪ੍ਰੀਤਿਕਾ ਪਾਠਕ, ਧਨਿਆ ਪਾਠਕ, ਸਮਾਇਰਾ ਪਾਠਕ, ਹੇਜ਼ਲ ਪਾਠਕ ਤੋਂ ਇਲਾਵਾ ਚੌਂਕਾ ਬੀਬੀ ਰਜਨੀ ਜੀ ਵੱਲੋਂ ਪ੍ਰਧਾਨ ਜੇਤਿਨ ਸ਼ਰਮਾ, ਵਿਪਨ ਘਰਿਆਲਾ, ਮੁਕੇਸ਼ ਜੋਸ਼ੀ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ, ਪ੍ਰਿੰਸੀਪਲ ਮੰਗਤ ਰਾਮ, ਮਹਿਲ ਸਿੰਘ, ਕਾਮਰੇਡ ਅਜੇ ਕੁਮਾਰ ਸ਼ਰਮਾ ਆਦਿ ਹਾਜ਼ਰ ਸਨ।

# 8ਵੀਂ ਦੇ ਨਤੀਜੇ 'ਚ ਅਰਮਾਨਦੀਪ ਸਿੰਘ ਪੂਰੇ ਪੰਜਾਬ 'ਚੋਂ ਰਿਹਾ ਤੀਜੇ ਸਥਾਨ 'ਤੇ

## ਇੰਜੀਨੀਅਰ ਬਣ ਕੇ ਆਪਣੇ ਪਿੰਡ ਦਾ ਨਾਂ ਰੌਸ਼ਨ ਕਰਨਾ ਚਾਹੁੰਦੈ



**ਹਰਜਿੰਦਰ ਦੁੱਗਾਂ**
**ਸੰਗਰੂਰ/30 ਅਪ੍ਰੈਲ :** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਅੱਠਵੀਂ ਕਲਾਸ ਦੇ ਨਤੀਜਿਆਂ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਰੱਤੋਕੇ (ਸੰਗਰੂਰ) ਦੇ ਵਿਦਿਆਰਥੀ ਅਰਮਾਨਦੀਪ ਸਿੰਘ ਪੁੱਤਰ ਲਖਵਿੰਦਰ ਸਿੰਘ ਨੇ ਸੂਬੇ ਵਿੱਚੋਂ ਤੀਜਾ ਸਥਾਨ ਹਾਸਲ ਕਰਕੇ ਜਿੱਥੇ ਮੁੰਡਿਆਂ ਦਾ ਝੰਡਾ ਬਰਦਾਰ ਬਣਿਆ ਹੈ, ਉੱਥੇ ਕਾਫ਼ੀ ਸਮੇਂ ਬਾਅਦ ਪਹਿਲੇ ਤਿੰਨ ਸਥਾਨਾਂ ਤੇ ਕਿਸੇ ਲੜਕੇ ਦਾ ਨਾਂਅ ਆਇਆ ਹੈ ਅੱਜ ਜਿਉਂ ਹੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਦਾ ਨਤੀਜਿਆ ਐਲਾਨਿਆ ਗਿਆ ਤਾਂ ਸਰਕਾਰੀ ਐਲੀਮੈਂਟਰੀ ਸਕੂਲ ਦੇ ਵਿਦਿਆਰਥੀ ਅਰਮਾਨਦੀਪ ਸਿੰਘ ਦਾ ਨਾਂਅ ਤੀਜੇ ਸਥਾਨ ਤੇ ਆਇਆ ਉਸ ਨੇ 600 ਅੰਕਾਂ ਵਿੱਚੋਂ 597 ਅੰਕ ਹਾਸਲ ਕਰਕੇ ਕੁੱਲ 99.50 ਫੀਸਦੀ ਅੰਕ ਹਾਸਲ ਕੀਤੇ ਹਨ ਅਰਮਾਨਦੀਪ ਦੇ ਪਿਤਾ ਲਖਵਿੰਦਰ ਸਿੰਘ ਨੇ ਦੱਸਿਆ ਕਿ ਅੱਜ ਜਦੋਂ ਸਾਨੂੰ ਫੋਨ ਆਇਆ ਕਿ ਅਰਮਾਨ ਪੂਰੇ ਪੰਜਾਬ ਵਿੱਚੋਂ ਤੀਜੇ ਸਥਾਨ ਤੇ ਆਇਆ ਹੈ ਤਾਂ ਉਨ੍ਹਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ ਉਸ ਨੇ ਦੱਸਿਆ ਕਿ ਅਰਮਾਨ ਸ਼ੁਰੂ ਤੋਂ ਹੀ ਪੜ੍ਹਣ ਵਿੱਚ ਬੇਹੱਦ ਹੁਸ਼ਿਆਰ ਰਿਹਾ ਹੈ ਅਰਮਾਨਦੀਪ ਨੇ ਦੱਸਿਆ ਕਿ ਉਹ ਪੰਜਵੀਂ ਕਲਾਸ ਵਿੱਚੋਂ 500 ਵਿਚੋਂ 500 ਨੰਬਰ ਹਾਸਲ ਕਰਕੇ ਅੱਵਲ ਆਇਆ ਸੀ ਹੁਣ ਅੱਠਵੀਂ ਵਿੱਚ ਉਸ ਨੇ ਪਹਿਲੀਆਂ ਪੁਜੀਸ਼ਨਾਂ ਤੇ ਆਉਣ ਲਈ ਕਾਫ਼ੀ ਮਿਹਨਤ ਕੀਤੀ ਹੈ ਉਸ ਨੇ ਦੱਸਿਆ ਕਿ ਸਕੂਲ ਵਿੱਚ ਦੇਰ ਰਾਤ ਤੱਕ ਪੜ੍ਹਦਾ ਸੀ, ਉਸ ਨੇ ਮੋਬਾਇਲ ਫੋਨ ਬਹੁਤ ਘੱਟ ਚਲਾਇਆ ਸੀ ਅਤੇ ਹਮੇਸ਼ਾ ਉਸ ਦਾ ਧਿਆਨ ਪੜ੍ਹਾਈ ਵਿੱਚ ਹੀ ਰਿਹਾ ਉਸ ਨੇ ਦੱਸਿਆ ਕਿ ਉਸ ਦੀਆਂ ਦੋ ਵੱਡੀਆਂ ਭੈਣਾਂ ਵੀ ਪੜ੍ਹ ਰਹੀਆਂ ਹਨ ਅਤੇ ਹੁਣ ਉਹ ਪੜ੍ਹ ਲਿਖ ਕੇ ਇੰਜੀਨੀਅਰ ਬਣ ਕੇ ਆਪਣੇ ਪਿੰਡ ਦਾ ਨਾਂਅ ਰੌਸ਼ਨ ਕਰਨਾ ਚਾਹੁੰਦਾ ਹੈ ਸਰਕਾਰੀ ਸਕੂਲ ਰੱਤੋਕੇ ਦੇ ਇੰਚਾਰਜ ਸੁਰਿੰਦਰ ਸਿੰਘ ਨੇ ਗੱਲਬਾਤ ਦੌਰਾਨ ਦੱਸਿਆ ਕਿ ਅਰਮਾਨਦੀਪ ਸ਼ੁਰੂ ਤੋਂ ਹੀ ਬਹੁਤ ਹੁਸ਼ਿਆਰ ਰਿਹਾ ਹੈ ਉਸ ਨੇ ਪਿਛਲੇ ਦਿਨੀਂ ਗਣਿਤ ਵਿਸ਼ੇ ਦੇ ਲਏ ਜ਼ਿਲ੍ਹਾ ਪੱਧਰੀ ਟੈਸਟ ਵਿੱਚ ਵੀ ਪਹਿਲਾ ਸਥਾਨ ਹਾਸਲ ਕੀਤਾ ਹੈ ਉਨ੍ਹਾਂ ਦੱਸਿਆ ਕਿ ਸਾਡੇ ਸਕੂਲ ਦੇ ਬੱਚੇ ਪੰਜਵੀਂ, ਅੱਠਵੀਂ ਵਿੱਚੋਂ ਵੱਡੀ ਗਿਣਤੀ ਵਿੱਚ ਮੈਰਿਟਾਂ ਆਈਆਂ ਹਨ ਉਨ੍ਹਾਂ ਦੱਸਿਆ ਕਿ ਰੱਤੋਕੇ ਦਾ ਜ਼ਿਲ੍ਹਾ ਸੰਗਰੂਰ ਦਾ ਇਕਲੌਤਾ ਸਰਕਾਰੀ ਸਕੂਲ ਹੈ ਜਿਹੜਾ ਆਪਣੀ ਪੜ੍ਹਾਈ ਲਈ ਪੂਰੇ ਪੰਜਾਬ ਵਿੱਚ ਜਾਣਿਆ ਜਾਂਦਾ ਹੈ ਦੇਰ ਰਾਤ ਤੱਕ ਇਸ ਸਕੂਲ ਵਿੱਚ ਬੱਚਿਆਂ ਦੀ ਕਲਾਸਾਂ ਲੱਗਦੀਆਂ ਹਨ ਅਤੇ ਪਹਿਲਾਂ ਵੀ ਇਸ ਸਕੂਲ ਦੇ ਵੱਡੀ ਗਿਣਤੀ ਬੱਚਿਆਂ ਦੀਆਂ ਮੈਰਿਟਾਂ ਆਈਆਂ ਹਨ।

### ਕਰਜਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, (ਡੀਆਰਟੀ-1)
ਦੂਜੀ ਮੰਜਿਲ, ਐਸਸੀਓ ਨੰ. 33-34-35, ਸੈਕਟਰ-17-ਏ, ਚੰਡੀਗੜ੍ਹ

ਕੇਸ ਨੰ. ਓਏ/177/2021

**ਐਕਟ ਦੀ ਧਾਰਾ 19 ਦੀ ਉਪ-ਧਾਰਾ (4) ਜਿਸ ਨੂੰ ਕਰਜਾ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਦੇ ਨਾਲ ਪੜ੍ਹਿਆ ਜਾਵੇ ਤਹਿਤ ਸੰਮਨ**

ਐਕਸ. ਨੰ: 20280

**ਕੇਨਰਾ ਬੈਂਕ**
**ਬਨਾਮ**
**ਭੁਪਿੰਦਰ ਸਿੰਘ**

ਵੱਲ,
1. ਭੁਪਿੰਦਰ ਸਿੰਘ
ਡੀ/ਡਬਲਿਊ/ਐਸ/ਓ- ਪੁੱਤਰ ਭਜਨ ਸਿੰਘ, ਵਾਸੀ ਡਾਕਖਾਨਾ ਰਾਜਪੁਰ, ਤਹਿਸੀਲ ਭੋਗਪੁਰ, ਜ਼ਿਲ੍ਹਾ ਜਲੰਧਰ, ਪੰਜਾਬ-144201

**ਸੰਮਨ**

ਜਦੋਂ ਕਿ, ਓਏ/1771/2021 ਮਿਤੀ 06.12.2023 ਨੂੰ ਮਾਣਯੋਗ ਪਧਾਨਗੀ ਅਫਸਰ/ਰਜਿਸਟਰਾਰ ਸਨਮੁਖ ਸੂਚੀਬੱਧ ਕੀਤਾ ਗਿਆ ਸੀ।

ਜਦੋਂ ਕਿ ਮਾਣਯੋਗ ਟ੍ਰਿਬਿਊਨਲ ਨੇ ਐਕਟ ਦੀ ਧਾਰਾ 19(4) ਅਧੀਨ ਉਕਤ ਅਰਜੀ (ਓ.ਏ.) ਤੁਹਾਡੇ ਵਲੋਂ ਕਰਜਾ **ਰੁਪਏ 20,84,855.31/-** (ਅਰਜੀ ਸਮੇਤ ਦਸਤਾਵੇਜਾਂ ਦੀਆਂ ਕਾਪੀਆਂ ਆਦਿ ਦੇ ਨਾਲ, ਨੱਥੀ) ਦੀ ਵਸੂਲੀ ਲਈ ਤੁਹਾਨੂੰ ਸੰਮਨ/ਨੋਟਿਸ ਜਾਰੀ ਕੀਤਾ ਜਾਂਦਾ ਹੈ।

ਐਕਟ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਨੁਸਾਰ, ਤੁਹਾਨੂੰ ਬਚਾਅ ਪੱਖ ਨੂੰ ਹੇਠ ਲਿਖੇ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-

(1) ਸੰਮਨ ਦੀ ਸੇਵਾ ਦੇ ਤੀਹ ਦਿਨਾਂ ਦੇ ਅੰਦਰ ਕਾਰਨ ਦਰਸ਼ਾਓ ਕਿ ਕਿਓ ਨਹੀਂ ਰਾਹਤ ਲਈ ਕੀਤੀ ਗਈ ਬੇਨਤੀ ਮੰਜੂਰ ਨਹੀਂ ਕੀਤੀ ਜਾਣੀ ਚਾਹੀਦੀ;
(2) ਅਸਲ ਅਰਜੀ ਦੇ ਲੜੀ ਨੰਬਰ 3 ਏ ਤਹਿਤ ਬਿਨੈਕਾਰ ਦੁਆਰਾ ਦਰਸਾਏ ਗਏ ਸੰਪਤੀਆਂ ਅਤੇ ਸੰਪਤੀਆਂ ਤੋਂ ਇਲਾਵਾ ਹੋਰ ਸੰਪਤੀਆਂ ਜਾਂ ਸੰਪਤੀਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਤੁਹਾਨੂੰ ਅਸਲ ਅਰਜੀ ਦੇ ਲੜੀ ਨੰਬਰ 3 ਏ ਤਹਿਤ ਦਰਸਾਈ ਸੁਰੱਖਿਅਤ ਸੰਪਤੀਆਂ ਜਾਂ ਅਜਿਹੀਆਂ ਹੋਰ ਸੰਪਤੀਆਂ ਅਤੇ ਸੰਪਤੀਆਂ ਜਿਨਾਂ ਦੀ ਕੁਰਕੀ ਲਈ ਅਰਜੀ ਦੀ ਸੁਣਵਾਈ ਅਤੇ ਨਿਪਟਾਰੇ ਲਈ ਲੰਬਿਤ ਹੈ, ਨਾਲ ਲੈਣ-ਦੇਣ ਜਾਂ ਨਿਪਟਾਉਣ ਤੋਂ ਰੋਕਿਆ ਜਾਂਦਾ ਹੈ;
(4) ਤੁਸੀਂ ਟ੍ਰਿਬਿਊਨਲ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਵਿਕਰੀ, ਲੀਜ ਜਾਂ ਹੋਰ ਤਰੀਕੇ ਨਾਲ ਟ੍ਰਾਂਸਫਰ ਨਹੀਂ ਕਰੋਗੇ, ਸਿਵਾਏ ਉਸ ਦੇ ਕਾਰੋਬਾਰ ਦੇ ਆਮ ਕੋਰਸ ਵਿੱਚ ਕਿਸੇ ਵੀ ਸੰਪਤੀ ਨੂੰ ਛੱਡ ਕੇ ਜਿਸ ਉੱਤੇ ਸੁਰੱਖਿਆ ਹਿੱਤ ਬਣਾਇਆ ਗਿਆ ਹੈ ਅਤੇ/ਜਾਂ ਹੋਰ ਸੰਪਤੀਆਂ ਅਤੇ ਸੰਪਤੀਆਂ ਦਾ ਅਸਲ ਅਰਜੀ ਦੇ ਲੜੀ ਨੰਬਰ 3 ਏ ਤਹਿਤ ਨਿਰਦਿਸਟ ਜਾਂ ਖੁਲਾਸਾ ਕੀਤਾ ਗਿਆ ਹੈ।
(5) ਤੁਸੀਂ ਕਾਰੋਬਾਰ ਦੇ ਆਮ ਕੋਰਸ ਵਿੱਚ ਸੁਰੱਖਿਅਤ ਸੰਪਤੀਆਂ ਜਾਂ ਹੋਰ ਸੰਪਤੀਆਂ ਅਤੇ ਸੰਪਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਹੋਈ ਆਮਦਨ ਲਈ ਜਵਾਬਦੇਹ ਹੋਵੋਗੇ ਅਤੇ ਅਜਿਹੀ ਵਿਕਰੀ ਦੀ ਕਮਾਈ ਨੂੰ ਵਿਤੀ ਸੰਸਥਾ ਜਿਸ ਦਾ ਅਜਿਹੀ ਜਾਇਦਾਦ 'ਤੇ ਸੁਰਖਿਅਤ ਦਿਲਚਸਪੀ ਹੈ ਦੇ ਬੈਂਕ ਦੇ ਦਰਸਾਏ ਖਾਤੇ ਵਿਖੇ ਜਮ੍ਹਾਂ ਕਰੋਗੇ।

ਤੁਹਾਨੂੰ ਬਿਨੈਕਾਰ ਨੂੰ ਦਿੱਤੀ ਗਈ ਇੱਕ ਕਾਪੀ ਦੇ ਨਾਲ ਲਿਖਤੀ ਬਿਆਨ ਦਰਜ ਕਰਨ ਅਤੇ ਮਿਤੀ **06.05.2024 ਨੂੰ ਸਵੇਰੇ 10:30 ਵਜੇ** ਰਜਿਸਟਰਾਰ ਸਨਮੁਖ ਪੇਸ ਹੋਣ ਲਈ ਵੀ ਕਿਹਾ ਜਾਂਦਾ ਹੈ। ਜਿਸ ਵਿੱਚ ਅਸਫਲ ਰਹਿਣ 'ਤੇ ਤੁਹਾਡੀ ਗੈਰਹਾਜਰੀ ਵਿੱਚ ਅਰਜੀ ਦੀ ਸੁਣਵਾਈ ਅਤੇ ਫੈਸਲਾ ਕੀਤਾ ਜਾਵੇਗਾ। ਰਜਿਸਟਰਡ ਡਾਕ ਅਤੇ ਦਸਤੀ ਰਾਹੀਂ।

ਮੇਰੇ ਹਸਤਾਖਰ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਹੇਠ **ਮਿਤੀ 20.12.2023** ਨੂੰ ਜਾਰੀ।

**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਦਸਤਖਤ**
**ਕਰਜਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ** (**ਡੀਆਰਟੀ-1**)

# ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀਜ਼ ਦੇ ਜਨਰਲ ਹਾਊਸ ਦੀ ਹੋਈ ਵਿਸ਼ੇਸ਼ ਮੀਟਿੰਗ

**ਰੋਮੀ ਕਪੂਰ/ ਸੁਰਿੰਦਰ ਦਮਦਮੀ**
**ਕੋਟਕਪੂਰਾ/30 ਅਪ੍ਰੈਲ :** ਚੈਂਬਰ ਆਫ ਕਾਮਰਸ ਐਂਡ ਇੰਡਸਟਰੀਜ਼ ਦੇ ਜਨਰਲ ਹਾਊਸ ਦੀ ਇੱਕ ਅਹਿਮ ਮੀਟਿੰਗ ਸਥਾਨਕ ਕਰਿਆਨਾ ਭਵਨ ਵਿਖੇ ਪ੍ਰਧਾਨ ਓਮਕਾਰ ਗੋਇਲ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਸੰਸਥਾ ਨਾਲ ਸਬੰਧਤ ਸ਼ਹਿਰ ਦੀਆਂ ਵੱਖ-ਵੱਖ ਵਪਾਰਕ ਜੱਥੇਬੰਦੀਆਂ ਦੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਸ਼ਹਿਰ ਦੀ ਸਫਾਈ, ਸ਼ਹਿਰ ਦੀ ਟਰੈਫਿਕ ਵਿਵਸਥਾ ਅਤੇ ਬਜਾਰਾਂ ਵਿੱਚ ਕੀਤੇ ਗਏ ਨਜਾਇਜ ਕਬਜਿਆਂ ਸਬੰਧੀ ਵਿਚਾਰ-ਵਟਾਂਦਰਾ ਕਰਨ ਤੋਂ ਇਲਾਵਾ ਵਪਾਰਕ ਜੱਥੇਬੰਦੀਆਂ ਦੇ ਆਗੂਆਂ ਤੋਂ ਇੰਨ੍ਹਾਂ ਸਮੱਸਿਆਵਾਂ ਦੇ ਹੱਲ ਸਬੰਧੀ ਸੁਝਾਅ ਵੀ ਲਏ ਗਏ। ਸੰਸਥਾ ਦੇ ਜਨਰਲ ਸਕੱਤਰ ਰਮਨ ਮਨਚੰਦਾ ਵੱਲੋਂ ਮੀਟਿੰਗ ਦੀ ਚਲਾਈ ਜਾ ਰਹੀ ਕਾਰਵਾਈ ਦੌਰਾਨ ਪ੍ਰਧਾਨ ਓਮਕਾਰ ਗੋਇਲ ਨੇ ਕਿਹਾ ਕਿ ਵਪਾਰੀ ਵਰਗ ਕਦੇ ਵੀ ਬੰਦ ਨਹੀਂ ਚਾਹੁੰਦਾ ਅਤੇ ਉਹ ਆਪਣੇ ਕਾਰੋਬਾਰ ਨੂੰ ਖੁੱਲ੍ਹਾ ਰੱਖ ਕੇ ਤਰੱਕੀ ਕਰਨਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਪਰ ਇੱਥੇ ਉਹ ਇਹ ਵੀ ਸਪਸ਼ਟ ਕਰ ਦੇਣਾ ਚਾਹੁੰਦੇ ਹਨ ਕਿ ਹੁਣ ਵਪਾਰੀ ਬਦਲ ਚੁੱਕਿਆ ਹੈ ਅਤੇ ਜਿੱਥੇ ਇਹ ਬੰਦ ਨਹੀ ਕਰਨਾ ਚਾਹੁੰਦਾ ਉੱਥੇ ਇਹ ਕਿਸੇ ਕਿਸਮ ਦੀ ਧੱਕੇਸ਼ਾਹੀ ਵੀ ਬਰਦਾਸ਼ਤ ਨਹੀ ਕਰਦਾ। ਉਨ੍ਹਾਂ ਕਿਹਾ ਕਿ ਵਪਾਰੀਆਂ ਦੇ ਹਿੱਤਾਂ ਲਈ ਸ਼ਹਿਰ ਦਾ ਸਮੁੱਚਾ ਵਪਾਰੀ ਵਰਗ ਇੱਕਜੁੱਟ ਹੈ ਅਤੇ ਵਪਾਰੀਆਂ ਦੇ ਹੱਕਾਂ ਦੀ ਰਾਖੀ ਲਈ ਉਹ ਹਰ ਤਰ੍ਹਾਂ ਦੇ ਜਰੂਰੀ ਕਦਮ ਚੁੱਕਣ ਲਈ ਵੀ ਤਿਆਰ-ਬਰ-ਤਿਆਰ ਹੈ। ਇਸ ਦੌਰਾਨ ਉਨ੍ਹਾਂ ਮੀਟਿੰਗ ਵਿੱਚ ਹਾਜਰ ਵੱਖ-ਵੱਖ ਵਪਾਰਕ ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਇੰਨ੍ਹਾਂ ਤਿੰਨ੍ਹਾਂ ਮੁੱਦਿਆਂ ਸਬੰਧੀ ਖੁੱਲ੍ਹ ਕੇ ਵਿਚਾਰ ਪ੍ਰਗਟ ਕਰਨ ਅਤੇ ਆਪਣੀਆਂ ਸਮੱਸਿਆਵਾਂ ਇੱਕ ਪਰਿਵਾਰਕ ਮੈਂਬਰ ਵਜੋਂ ਵਿਚਰਦੇ ਹੋਏ ਸਾਰਿਆਂ ਨਾਲ ਸਾਂਝੀਆਂ ਕਰਨ ਦੀ ਅਪੀਲ ਕੀਤੀ। ਸ਼੍ਰੀ ਗੋਇਲ ਦੀ ਅਪੀਲ ਤੋਂ ਬਾਅਦ ਸੁਤੰਤਰ ਗੋਇਲ, ਹਰੀਸ਼ ਸੇਤੀਆ, ਸਾਧੂ ਰਾਮ ਦਿਓੜਾ, ਨਰਿੰਦਰ ਅਰੋੜਾ, ਜਤਿੰਦਰ ਜਸ਼ਨ, ਮਨਤਾਰ ਮੱਕੜ, ਅਸ਼ੋਕ ਗੋਇਲ, ਜਸਵਿੰਦਰ ਜੌੜਾ, ਰਵਿੰਦਰ ਗਰਗ ਅਤੇ ਬਿੱਟੂ ਬਾਂਸਲ ਆਦਿ ਵੱਲੋਂ ਆਪਣੇ ਵਿਚਾਰ ਪ੍ਰਗਟ ਕੀਤੇ ਗਏ। ਮੀਟਿੰਗ ਦੌਰਾਨ ਸਥਾਨਕ ਬੱਸ ਸਟੈਂਡ ਨੇੜੇ ਸਥਿਤ ਦਸ਼ਮੇਸ਼ ਮਾਰਕੀਟ ਵਿੱਚ ਪ੍ਰਧਾਨ ਸ਼ਰਨਬੀਰ ਸਿੰਘ ਬੇਦੀ ਦੀ ਅਗਵਾਈ ਹੇਠ ਕੀਤੇ ਗਏ ਸਫਾਈ, ਸੁਰੱਖਿਆ, ਬਿਜਲੀ ਅਤੇ ਸੁੰਦਰਤਾ ਸਬੰਧੀ ਪ੍ਰਬੰਧਾਂ ਨੂੰ ਲੈ ਕੇ ਵਿਸ਼ੇਸ਼ ਤੌਰ 'ਤੇ ਜਿਕਰ ਕੀਤਾ ਗਿਆ ਅਤੇ ਸਮੂਹ ਮੈਂਬਰਾਂ ਨੂੰ ਮਾਰਕੀਟ ਵਿੱਚ ਆਉਣ ਦਾ ਸੱਦਾ ਵੀ ਦਿੱਤਾ ਗਿਆ। ਇਸ ਦੌਰਾਨ ਆਗੂਆਂ ਨੇ ਕਿਹਾ ਕਿ ਇੰਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਜਿੱਥੇ ਵਪਾਰੀਆਂ ਨੂੰ ਆਪ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ, ਉੱਥੇ ਕਿਉਂਕਿ ਇਹ ਪ੍ਰਸ਼ਾਸ਼ਨ ਦੀ ਜੁੰਮੇਵਾਰੀ ਬਣਦੀ ਹੈ ਇਸ ਲਈ ਇੰਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਪ੍ਰਸ਼ਾਸ਼ਨ 'ਤੇ ਦਬਾਅ ਪਾਉਣਾ ਚਾਹੀਦਾ ਹੈ। ਕੁੱਝ ਮੈਂਬਰਾਂ ਨੇ ਬਜਾਰਾਂ ਵਿੱਚ ਕਬਜਿਆਂ ਨੂੰ ਰੋਕਣ ਲਈ ਪੀਲੀ ਪੱਟੀ ਲਗਾਉਣ ਦੀ ਵੀ ਸਲਾਹ ਦਿੱਤੀ ਅਤੇ ਸ਼ਹਿਰ ਅੰਦਰ 15-20 ਪੁਆਇੰਟ ਬਣਾ ਕੇ ਨਗਰ ਕੌਂਸਲ ਵੱਲੋਂ ਕੂੜਾ ਦਾਨ ਰੱਖਣ ਦਾ ਤਜਰਬਾ ਕਰਨ ਦੀ ਵੀ ਸਲਾਹ ਦਿੱਤੀ। ਮੰਚ ਸੰਚਾਲਨ ਸਕੱਤਰ ਜਨਰਲ ਰਮਨ ਮਨਚੰਦਾ ਵੱਲੋਂ ਕੀਤਾ ਗਿਆ। ਇਸ ਮੌਕੇ ਡਾ.ਅਰਵਿੰਦਰ ਗੁਲਾਟੀ, ਵਿਸ਼ਾਲ ਗੋਇਲ, ਸ਼ੀਤਲ ਗੋਇਲ, ਹਰਸ਼ ਅਰੋੜਾ, ਕ੍ਰਿਸ਼ਨ ਕੁਕਰੇਜਾ, ਪਿੰਕੀ ਕੁਕਰੇਜਾ, ਨਰੇਸ਼ ਮਿੱਤਲ, ਲਵਲੀ ਅਹੂਜਾ, ਰਾਜੂ ਰਾਵਲ, ਸੰਜੀਵ ਕਟਾਰੀਆ, ਰਜਨੀਸ਼ ਗੋਇਲ, ਵਿਪਨ ਗੁਪਤਾ, ਰਾਜਨ ਗਰਗ, ਹਰਦੀਪ ਮਹਿਤਾ, ਸਤੀਸ਼ ਕਟਾਰੀਆ, ਸੰਜੀਵ ਕਟਾਰੀਆ, ਮਾਸਟਰ ਸੋਮਨਾਥ, ਅਸ਼ੋਕ ਗੁਪਤਾ, ਨਰੇਸ਼ ਸਿੰਗਲਾ, ਵਰਿੰਦਰ ਰਹੇਜਾ ਅਤੇ ਭਿੰਦਰ ਕਟਾਰੀਆ ਆਦਿ ਵੀ ਹਾਜਰ ਸਨ।


ਫੋਟੋ : ਵਿੱਕੀ ਬਾਲੀਵੁੱਡ

# ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦੇ ਹੱਕ 'ਚ ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ ਅੱਜ



**ਤਰਲੋਚਨ ਸਿੰਘ**
**ਸ੍ਰੀ ਅਨੰਦਪੁਰ ਸਾਹਿਬ/30 ਅਪ੍ਰੈਲ :** ਸ੍ਰੀ ਅਨੰਦਪੁਰ ਸਾਹਿਬ ਤੋਂ ਉਮੀਦਵਾਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ ਦੇ ਹੱਕ ਵਿੱਚ ਅੱਜ 1/05/2024 ਨੂੰ ਸ਼ਾਮੀ 4 ਵਜੇ ਅਕੈਡਮੀ ਰੋਡ ਤੇ ਬਾਬਾ ਚਰਨ ਸਿੰਘ ਭੀਖੋਵਾਲ ਵਾਲਿਆਂ ਦੇ ਡੇਰੇ ਵਿੱਚ ਇੱਕ ਅਹਿਮ ਮੀਟਿੰਗ ਹੋ ਰਹੀ ਹੈ ਜਿਸ ਵਿੱਚ ਸ੍ਰੀ ਅਨੰਦਪੁਰ ਸਾਹਿਬ ਤੋਂ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਸ਼ਾਮਿਲ ਹੋਣਗੇ ।ਇਸ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਦੱਸਿਆ ਕਿ ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ ਦੇ ਹੱਕ ਵਿੱਚ ਸਮੁੱਚੇ ਹਲਕੇ ਅੰਦਰ ਇੱਕ ਬਹੁਤ ਵੱਡੀ ਲਹਿਰ ਬਣ ਚੁੱਕੀ ਹੈ ਅਤੇ ਲੋਕ ਪਿਛਲੀਆ ਸਰਕਾਰਾਂ ਦੀਆਂ ਨੀਤੀਆਂ ਤੋਂ ਤੰਗ ਆ ਤੰਗ ਆ ਚੁੱਕੇ ਹਨ ਜਿਸ ਕਰਕੇ ਲੋਕ ਅੱਜ ਸ਼੍ਰੋਮਣੀ ਅਕਾਲੀ ਦਲ ਨੂੰ ਹੀ ਪੰਜਾਬ ਦੀ ਅਸਲ ਵਾਰਸ ਮੰਨ ਕੇ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਜਿਤਾਉਣ ਲਈ ਪੱਬਾ ਭਾਰ ਹੋਏ ਪਏ ਹਨ । ਭਾਈ ਚਾਵਲਾ ਨੇ ਦੱਸਿਆ ਕਿ ਸਾਰੇ ਹਲਕਿਆਂ ਅੰਦਰ ਮੀਟਿੰਗਾਂ ਦਾ ਸਿਲਸਿਲਾ ਚੱਲ ਰਿਹਾ ਹੈ ਅਤੇ ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ ਦੇ ਹੱਕ ਵਿੱਚ ਬਹੁਤ ਬਹੁਤ ਵੱਡੀਆ ਵੱਡੀਆਂ ਮੀਟਿੰਗਾਂ ਹੋ ਰਹੀਆਂ ਹਨ ਜਿਸ ਵਿੱਚ ਬੀਬੀਆਂ ਦੀ ਗਿਣਤੀ ਵੀ ਜ਼ਿਕਰਯੋਗ ਹੈ ।ਉਹਨਾਂ ਇਹ ਵੀ ਦੱਸਿਆ ਕਿ ਇਸ ਇਲਾਕੇ ਦੇ ਨੌਜਵਾਨ ਵੀ ਇਲਾਕੇ ਦੇ ਨੌਜਵਾਨ ਵੀ ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ ਦੀ ਚੋਣ ਵਿੱਚ ਪੂਰੀ ਤਰ੍ਹਾਂ ਸਰਗਰਮ ਹੋ ਚੁੱਕੇ ਹਨ।ਇਸ ਮੌਕੇ ਸਰਦਾਰ ਮਨਜਿੰਦਰ ਸਿੰਘ ਬਰਾੜ, ਸਰਦਾਰ ਜਰਨੈਲ ਸਿੰਘ ਗੁੰਬਰ, ਸਰਦਾਰ ਦਵਿੰਦਰ ਸਿੰਘ ਢਿੱਲੋਂ,ਯੂਥ ਆਗੂ ਲਖਵਿੰਦਰ ਸਿੰਘ ਲੱਖਾ, ਸਤਪਾਲ ਸਿੰਘ ਹੈਪੀ, ਬਲਜੀਤ ਸਿੰਘ ਚੰਦੂ ਮਾਜਰਾ, ਅਤੇ ਗੁਰਵਿੰਦਰ ਸਿੰਘ ਕਾਲਾ ਹਾਜਰ ਸਨ ।

**ਵਸੂਲੀ ਅਫਸਰ ਦਾ ਦਫਤਰ**

### ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)
ਐਸਸੀਓ 33-34-35, ਹੇਠਲੀ ਮੰਜਿਲ, ਸੈਕਟਰ 17-ਏ, ਚੰਡੀਗੜ੍ਹ-160017

ਆਰਸੀ ਨੰ 813/2017 — **ਨਿਲਾਮੀ ਵਿਕਰੀ ਦੀ ਮਿਤੀ : 06.06.2024**

**ਵਿਕਰੀ ਦਾ ਐਲਾਨਨਾਮਾ : ਅਚੱਲ ਜਾਇਦਾਦ**

(ਰੂਲ 37, 38 ਅਤੇ ਇਨਕਮ ਟੈਕਸ ਐਕਟ 1961 ਦੇ ਦੂਸਰੇ ਸ਼ਡਿਊਲ ਦੇ ਰੂਲ 52(1)(2) ਜਿਸ ਨੂੰ ਰਿਕਵਰੀ ਆਫ ਡੈਬਟਸ ਐਂਡ ਬੈਕਰਪਟਸੀ ਐਕਟ, 1993 ਨਾਲ ਪੜ੍ਹਿਆ ਜਾਵੇ ਤਹਿਤ ਵਿਕਰੀ ਦਾ ਐਲਾਨਨਾਮਾ)

**ਪੰਜਾਬ ਨੈਸ਼ਨਲ ਬੈਂਕ ਬਨਾਮ ਮੈਸ. ਕੇ.ਸੀ. ਐਜੁਕੇਸ਼ਨ**

ਵੱਲ,
**(ਸੀਡੀ-1) ਮੈਸ. ਕੇ.ਸੀ. ਐਜੁਕੇਸ਼ਨ ਐਂਡ ਸੋਸ਼ਲ ਵੈਲਫੇਅਰ ਸੁਸਾਇਟੀ, ਰਜਿ. ਦਫ਼ਤਰ : ਕੇ.ਸੀ. ਟਾਵਰ, ਚੰਡੀਗੜ੍ਹ ਰੋਡ, ਨਵਾਂਸ਼ਹਿਰ, ਰਾਹੀਂ ਇਸ ਦੇ ਚੇਅਰਮੈਨ ਸ਼੍ਰੀ ਪ੍ਰੇਮ ਪਾਲ ਗਾਂਧੀ**
**(ਸੀਡੀ-2) ਸ਼੍ਰੀ ਪ੍ਰੇਮ ਪਾਲ ਗਾਂਧੀ ਪੁੱਤਰ ਕੇ.ਸੀ. ਗਾਂਧੀ ਚੇਅਰਮੈਨ ਮੈਸ. ਕੇ.ਸੀ. ਐਜੁਕੇਸ਼ਨਲ ਐਂਡ ਸੋਸ਼ਲ ਵੈਲਫੇਅਰ ਸੁਸਾਇਟੀ, ਰਜਿ. ਦਫ਼ਤਰ : ਕੇ.ਸੀ. ਟਾਵਰ, ਚੰਡੀਗੜ੍ਹ ਰੋਡ, ਨਵਾਂਸ਼ਹਿਰ**
**(ਸੀਡੀ-3) ਸ਼੍ਰੀਮਤੀ ਕਮਲ ਗਾਂਧੀ ਪਤਨੀ ਸ਼੍ਰੀ ਪ੍ਰੇਮ ਪਾਲ ਗਾਂਧੀ (ਗਰੰਟਰ), ਹੁਣ ਮ੍ਰਿਤਕ ਅਤੇ ਪ੍ਰਤੀਨਿਧਤਾ ਰਾਹੀਂ ਇਨ੍ਹਾਂ ਦੇ ਕਾਨੂੰਨੀ ਵਾਰਸਾਂ**
**ਕਾਨੂੰਨੀ ਵਾਰਸ 1: ਮਿਸ. ਸੋਨੀਕਾ ਗਾਂਧੀ, ਵਾਸੀ ਕੇ.ਸੀ. ਟਾਵਰ, ਚੰਡੀਗੜ੍ਹ ਰੋਡ, ਨਵਾਂਸ਼ਹਿਰ ਪੰਜਾਬ।**
**ਕਾਨੂੰਨੀ ਵਾਰਸ 2: ਮਿਸ. ਮੋਨੀਕਾ ਗਾਂਧੀ, ਵਾਸੀ ਕੇ.ਸੀ. ਟਾਵਰ, ਚੰਡੀਗੜ੍ਹ ਰੋਡ, ਨਵਾਂਸ਼ਹਿਰ ਪੰਜਾਬ।**
**ਕਾਨੂੰਨੀ ਵਾਰਸ 3: ਸ਼੍ਰੀ ਪ੍ਰੇਮ ਪਾਲ ਗਾਂਧੀ, ਪਹਿਲਾਂ ਹੀ ਡਿਫੈਂਡੈਂਟ ਨੰ: 2, ਵਾਸੀ ਕੇ.ਸੀ. ਟਾਵਰ, ਚੰਡੀਗੜ੍ਹ ਰੋਡ, ਨਵਾਂਸ਼ਹਿਰ ਪੰਜਾਬ।**
**ਕਾਨੂੰਨੀ ਵਾਰਸ 4: ਸ਼੍ਰੀ ਹਿਤੇਸ਼ ਗਾਂਧੀ, ਪਹਿਲਾਂ ਹੀ ਡਿਫੈਂਡੈਂਟ ਨੰ: 4, ਵਾਸੀ ਕੇ.ਸੀ. ਟਾਵਰ, ਚੰਡੀਗੜ੍ਹ ਰੋਡ, ਨਵਾਂਸ਼ਹਿਰ ਪੰਜਾਬ।**
**(ਸੀਡੀ-4). ਸ਼੍ਰੀ ਹਿਤੇਸ਼ ਗਾਂਧੀ ਪੁੱਤਰ ਸ਼੍ਰੀ ਪ੍ਰੇਮ ਪਾਲ ਗਾਂਧੀ, ਦੋਵੇਂ ਵਾਸੀਆਨ ਕੇ.ਸੀ. ਟਾਵਰ, ਚੰਡੀਗੜ੍ਹ ਰੋਡ, ਨਵਾਂਸ਼ਹਿਰ**

ਜਿਵੇਂ ਕਿ ਮਾਣਯੋਗ ਪ੍ਰਧਾਨਗੀ ਅਫਸਰ, ਕਰਜਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3) ਵਲੋਂ ਵਸੂਲੀ ਸਰਟਿਫਿਕੇਟ ਨੰ 813/2017 ਵਿਖੇ ਓ.ਏ. ਨੰ: 1598/2017 ਰਾਹੀਂ ਰਕਮ **ਰੁ. 67,77,29,564/-** (ਰੁ. ਸਤਾਹਟ ਕਰੋੜ ਸਤੱਤਰ ਲੱਖ ਉਣੱਤੀ ਹਜ਼ਾਰ ਪੰਜ ਸੌ ਚੌਂਹਠ ਸਿਰਫ) ਸਮੇਤ ਵਿਆਜ ਅਤੇ ਰੁ. 1,50,000/- (ਰੁ. ਇਕ ਲੱਖ ਪੰਜਾਹ ਹਜ਼ਾਰ ਸਿਰਫ) ਦੇ ਖਰਚੇ ਦੀ ਸੀਡੀ ਵਲੋਂ ਇਕਠੀਆਂ ਅਤੇ ਹੋਰ ਵਸੀਲਿਆਂ ਰਾਹੀਂ ਵਸੂਲੀ ਲਈ ਜਾਰੀ ਕੀਤਾ ਗਿਆ ਤੁਸੀ, ਸੀਡੀ ਸਰਟਿਫਿਕੇਟ ਹੋਲਡਰ ਬੈਂਕ/ਵਿਤੀ ਸੰਸਥਾ ਵੱਲ ਬਕਾਏ ਦੀ ਅਦਾਇਗੀ ਵਿਚ ਅਸਫਲ ਰਹੇ ਹੋ।

ਅਤੇ ਜਿਵੇਂ ਕਿ ਨਿਮਨਹਸਤਾਖਰੀ ਨੇ ਸੁਰਖਿਅਤ ਕਰਜਦਾਰ ਦੀ ਗਿਰਵੀ/ਗਹਿਣੇ ਜਾਇਦਾਦ ਹੇਠ ਸਾਰਣੀ ਵਿਚ ਦਰਸਾਏ ਮੁਤਾਬਕ ਵਿਕਰੀ ਸਰਟੀਫਿਕੇਟ ਦੀ ਭਰਪਾਈ ਲਈ ਵਿਕਰੀ ਦੇ ਹੁਕਮ ਦਿਤੇ ਹਨ।

ਇਹ ਨੋਟਿਸ ਦਿਤਾ ਜਾਂਦਾ ਹੈ ਕਿ ਮੁਲਤਵੀ ਦੇ ਹੁਕਮ ਜੇਕਰ ਨਾ ਹੋਣ ਤਾਂ ਉਪਰੋਕਤ ਜਾਇਦਾਦ ਦੀ ਵਿਕਰੀ **ਮਿਤੀ 06.06.2024 ਨੂੰ ਦੁਪਹਿਰ 2:00 ਵਜੇ ਤੋਂ 2:30 ਵਜੇ** ਦਰਮਿਆਨ ਆਨਲਾਈਨ/ਆਫਲਾਈਨ ਵੈਬਸਾਈਟ **https://bankeauctions.com** 'ਤੇ ਨਿਲਾਮੀ ਅਤੇ ਬੋਲੀ ਰਾਹੀਂ ਕੀਤੀ ਜਾਵੇਗੀ।

ਨਿਲਾਮੀ ਦੀ ਸੇਵਾ ਪ੍ਰਦਾਨ ਕਰਨ ਵਾਲੇ ਸਰਵਿਸ ਪ੍ਰੋਵਾਇਡਰ ਸੰਪਰਕ ਵਿਅਕਤੀ ਦਾ ਵੇਰਵਾ, ਨਾਮ : **ਮੈਸ. ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ, ਪਲਾਟ ਨੰ: 68, ਤੀਜੀ ਮੰਜਿਲ, ਸੈਕਟਰ 44, ਗੁੜਗਾਉਂ-122003, (ਹਰਿਆਣਾ), ਹੈਲਪਲਾਈਨ ਨੰ: : 72919-81124, 25,26, ਮੋਬਾ : 9813887931, ਈਮੇਲ support@bankeauctions.com**

ਨਿਲਾਮੀ ਦੀ ਸੇਵਾ ਪ੍ਰਦਾਨ ਕਰਨ ਵਾਲੇ ਅਧਿਕਾਰਤ ਬੈਂਕ ਅਫਸਰ ਦਾ ਨਾਂ : **ਨਾਮ : ਸ਼੍ਰੀ ਜਸ ਬੈਂਸ, ਕਾਨੂੰਨੀ ਅਫ਼ਸਰ, ਪੀਐਨਬੀ, ਸਰਕਲ ਦਫ਼ਤਰ, ਐਸਏਐਸ ਨਗਰ, ਮੋਹਾਲੀ, ਮੋਬਾਈਲ ਨੰ: 8437625659 ਈਮੇਲ : cs8312@pnb.co.in ਪੰਜਾਬ ਨੈਸ਼ਨਲ ਬੈਂਕ ਦੇ ਦਫ਼ਤਰ ਵਿਖੇ**

ਉਪਰ ਦਰਸਾਏ ਡਿਫੈਨਡੈਂਟ/ਸੀਡੀ ਦੀਆਂ ਜਾਇਦਾਦ ਦੀ ਵਿਕਰੀ ਜਿਵੇਂ ਕਿ ਹੇਠ ਸਾਰਨੀ ਵਿਚ ਦਰਸਾਏ ਗਏ ਹਨ ਅਤੇ ਦਸੀ ਜਾਇਦਾਦ ਸਬੰਧੀ ਦੇਣਦਾਰੀ ਅਤੇ ਦਾਅਵੇ ਹੁਣ ਤਕ ਜੋ ਵੀ ਨਿਰਧਾਰਤ ਕੀਤੇ ਗਏ ਹਨ ਹੇਠ ਸਾਰਨੀ ਵਿਖੇ ਹਰੇਕ ਲਾਟ ਨਾਲ ਦਰਸਾਏ ਗਏ ਹਨ।

ਜਾਇਦਾਦ ਹੇਠ ਸਾਰਨੀ ਵਿਚ ਦਰਸਾਏ ਲਾਟ ਮੁਤਾਬਕ ਵੇਚੀ ਜਾਵੇਗੀ। ਜੇਕਰ ਲੋੜੀਂਦੀ ਰਕਮ ਜਾਇਦਾਦ ਦੇ ਇਕ ਭਾਗ ਨੂੰ ਵੇਚ ਕੇ ਪ੍ਰਾਪਤ ਹੋ ਜਾਂਦੀ ਹੈ ਤਾਂ ਜਾਇਦਾਦ ਦੇ ਬਾਕੀ ਹਿੱਸਿਆਂ ਦੀ ਵਿਕਰੀ ਰੋਕ ਦਿਤੀ ਜਾਵੇਗੀ। ਜਾਇਦਾਦ ਦੀ ਵਿਕਰੀ ਤਾਂ ਵੀ ਰੋਕ ਦਿਤੀ ਜਾਵੇਗੀ ਜੇਕਰ ਦਸੇ ਸਰਟਿਫਿਕੇਟ ਵਿਖੇ ਦਰਸਾਏ ਬਕਾਏ, ਵਸੂਲੀ ਸਰਟਿਫਿਕੇਟ ਤਹਿਤ ਲਾਗੂ ਬਿਆਜ ਅਤੇ ਖਰਚੇ (ਸਮੇਤ ਵਿਕਰੀ ਦਾ ਖਰਚਾ) ਵਿਕਰੀ ਕਰਵਾਉਣ ਵਾਲੇ ਅਫਸਰ ਨੂੰ ਅਦਾ ਕੀਤਾ ਜਾਵੇ ਜਾਂ ਉਸ ਦੇ ਭਰੋਸਗੀ ਲਈ ਨਿਮਨਹਸਤਾਖਰੀ ਨੂੰ ਸਰਟਿਫਿਕੇਟ ਵਿਖੇ ਦਰਸਾਈ ਰਕਮ, ਬਿਆਜ ਅਤੇ ਖਰਚੇ ਦੀ ਅਦਾਇਗੀ ਦਾ ਸਬੂਤ ਦਿਤਾ ਜਾਵੇ।

ਵਿਕਰੀ ਵਿਖੇ ਆਮ ਤੌਰ 'ਤੇ ਜਨ ਸਾਧਾਰਨ ਨੂੰ ਆਪ ਹਾਜਰ ਹੋ ਕੇ ਜਾਂ ਕਿਸੇ ਅਧਿਕਾਰਤ ਏਜੰਟ ਰਾਹੀਂ ਬੋਲੀ ਲਾਉਣ ਦਾ ਸਦਾ ਦਿੱਤਾ ਜਾਂਦਾ ਹੈ। ਵਿਕਰੀ ਕਰਵਾਉਣ ਨਾਲ ਸਬੰਧਤ ਕਿਸੇ ਅਫਸਰ ਜਾਂ ਹੋਰ ਵਿਅਕਤੀ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਬੋਲੀ ਜਾਂ ਵੇਚੀ ਜਾਇਦਾਦ ਤੇ ਕਬਜਾ ਜਾਂ ਕਬਜੇ ਦੀ ਕੋਸਿਸ ਜਾਂ ਦਿਲਚਸਪੀ ਨਹੀਂ ਰੱਖ ਸਕਦਾ।

ਵਿਕਰੀ ਇਨਕਮ ਟੈਕਸ, 1961 ਦੀ ਦੂਜੀ ਸਾਰਨੀ ਤਹਿਤ ਦਰਸਾਏ ਨਿਯਮਾਂ ਅਤੇ ਹੇਠ ਦਰਸਾਏ ਨਿਯਮਾਂ ਅਤੇ ਹੇਠ ਦਰਸਾਈਆਂ ਹੋਰ ਸ਼ਰਤਾਂ ਦਾ ਵਿਸ਼ਾ ਹੋਵੇਗੀ :-

1. ਇਹ ਕਿ ਨਿਮਨਹਸਤਾਖਰੀ ਦੀ ਜਾਣਕਾਰੀ ਹੇਠ ਸਾਰਨੀ ਵਿਚ ਦਰਸਾਏ ਵੇਰਵੇ ਸਹੀ ਹਨ ਪ੍ਰੰਤੂ ਇਸ ਐਲਾਨਨਾਮੇ ਵਿਖੇ ਕਿਸੇ ਵੀ ਗਲਤੀ, ਗਲਤ ਬਿਆਨੀ ਜਾਂ ਚੁੱਕ ਲਈ ਉਹ ਜਿੰਮੇਵਾਰ ਨਹੀਂ ਹੋਵੇਗਾ।
2. ਰਾਖਵੀਂ ਕੀਮਤ ਜਿਸ ਤੋਂ ਘਟ ਵਿਚ ਜਾਇਦਾਦ ਨਹੀਂ ਵੇਚੀ ਜਾਵੇਗੀ ਦਾ ਵੇਰਵਾ ਸਾਰਨੀ ਵਿਚ ਦਿਤਾ ਗਿਆ ਹੈ।
3. ਰਕਮ ਜੋ ਬੋਲੀਕਾਰ ਦੁਆਰਾ ਵਧਾਈ ਜਾਣੀ ਹੈ। ਜੇਕਰ ਬੋਲੀ ਦੀ ਰਕਮ ਜਾਂ ਬੋਲੀਕਾਰ ਦਰਮਿਆਨ ਕੋਈ ਮਤਭੇਦ ਹੁੰਦਾ ਹੈ ਤਾਂ ਲਾਟ ਦੀ ਨਿਲਾਮੀ ਮੁੜ ਤੋਂ ਕੀਤੀ ਜਾਵੇਗੀ ਅਤੇ ਜਾਂ ਖਾਰਜ ਕਰ ਦਿਤੀ ਜਾਵੇਗੀ।
4. ਸਰਵੋਚ ਬੋਲੀਕਾਰ ਨੂੰ ਲਾਟ ਦਾ ਖਰੀਦਦਾਰ ਐਲਾਨਿਆ ਜਾਵੇਗਾ ਜੇਕਰ ਉਹ ਬੋਲੀ ਲਈ ਕਾਨੂੰਨੀ ਤੌਰ 'ਤੇ ਯੋਗ ਹੈ ਤੇ ਉਸ ਦੀ ਬੋਲੀ ਦੀ ਰਕਮ ਰਾਖਵੀਂ ਕੀਮਤ ਤੋਂ ਘਟ ਨਹੀਂ ਹੈ। ਜੇਕਰ ਆਫਰ ਕੀਤੀ ਰਕਮ ਨਿਮਨਹਸਤਾਖਰੀ ਨੂੰ ਯੋਗ ਨਹੀਂ ਜਾਪਦੀ ਤਾਂ ਉਹ ਆਪਣੀ ਮਰਜੀ ਨਾਲ ਸਰਵੋਚ ਬੋਲੀ ਨੂੰ ਖਾਰਜ/ਮੰਜੂਰ ਕਰ ਸਕਦਾ ਹੈ।
5. ਸਾਰੇ ਚਾਹਵਾਨ ਬੋਲੀਕਾਰਾਂ ਨੂੰ ਡੀਡੀ/ਪੇ ਆਰਡਰ ਰਾਹੀਂ ਬਿਆਨਾ ਰਾਸੀ (ਈਐਮਡੀ) **ਵਸੂਲੀ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)** ਦੇ ਪੱਖ ਵਿਚ ਅਦਾ ਕਰਨੀ ਹੋਵੇਗੀ ਜੋ ਆਰਓ/ਨਿਲਾਮੀਕਾਰ ਅਦਾਲਤ, **ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)** ਕੋਲ ਜਮਾਂ ਕਰਵਾਈ ਜਾਵੇ ਜਾਂ ਆਨਲਾਈਨ ਆਰਟੀਜੀਐਸ/ਐਨਈਐਫਟੀ/ਸਿਧੇ ਜਮਾਂ ਕਰਵਾਈ ਜਾਵੇ ਅਤੇ ਜਾਇਦਾਦ ਦੇ ਵੇਰਵੇ, ਪੈਨ ਕਾਰਡ ਦੀ ਕਾਪੀ, ਪਤੇ ਦਾ ਸਬੂਤ ਅਤੇ ਪਹਿਚਾਣ ਦਾ ਸਬੂਤ, ਈਮੇਲ ਆਈਡੀ, ਮੋਬਾਇਲ ਨੰਬਰ ਅਤੇ ਜੇਕਰ ਕੰਪਨੀ ਹੈ ਤਾਂ ਜਾਂ ਕੋਈ ਹੋਰ ਦਸਤਾਵੇਜ ਜਿਸ ਰਾਹੀਂ ਕੰਪਨੀ ਦੀ ਪ੍ਰਤੀਨਿਧਤਾ/ਅਟਾਰਨੀ ਅਤੇ ਅਜਿਹੀ ਜਮਾਂ ਰਕਮ ਦੀ ਰਸੀਦ/ਕਾਊਂਟਰ ਫਾਈਲ ਜਮਾਂ ਕਰਵਾਈ ਜਾਵੇ। ਇਨ੍ਹਾਂ ਤੋਂ ਬਗੈਰ ਜਮਾਂ ਕਰਵਾਈ ਈਐਮਡੀ ਈ-ਨਿਲਾਮੀ ਵਿਚ ਭਾਗ ਲੈਣ ਲਈ ਮੰਜੂਰ ਨਹੀਂ ਕੀਤੀ ਜਾਵੇਗੀ।

**ਬਿਆਨਾ ਰਕਮ ਜਮਾਂ (ਈਐਮਡੀ), ਰਾਖਵੀਂ ਕੀਮਤ ਅਤੇ ਬੋਲੀ ਵਾਧਾ, ਨੂੰ ਹੇਠ ਅਨੁਸਾਰ ਨਿਸ਼ਚਿਤ ਕੀਤਾ ਜਾਵੇ :**

| ਲ ਨੰ | ਜਾਇਦਾਦ ਦਾ ਵੇਰਵਾ | ਈਐਮਡੀ ਰਕਮ (ਰੁ. 'ਚ) | ਰਾਖਵੀਂ ਕੀਮਤ (ਰੁ. 'ਚ) | ਬੋਲੀ ਵਾਧਾ ਰਕਮ ਦੇ ਗੁਣਾਂਕ (ਰੁ. 'ਚ) |
|---|---|---|---|---|
| 1. | **ਜਮੀਨ ਮਿਣਤੀ 15 ਕਨਾਲ 7ਮ 06 ਸਰਸਾਹੀ ਸਥਿਤੀ ਪਿੰਡ ਬਰਨਾਲਾ ਕਲਾਂ, ਤਹਿਸੀਲ ਅਤੇ ਜ਼ਿਲ੍ਹਾ ਨਵਾਂਸ਼ਹਿਰ (ਆਰਟੀਡੀ 1424 ਮਿਤੀ : 13.07.1994) ਸ਼੍ਰੀ ਪ੍ਰੇਮ ਪਾਲ ਗਾਂਧੀ ਦੇ ਨਾਂ ਹੈ।** | Rs. 14,03,000/- | Rs. 1,43,00,000/- | Rs. 2,00,000/- |

ਮਿਥੀ ਮਿਤੀ ਅਤੇ ਸਮੇਂ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਈਐਮਡੀ ਖਾਰਜ ਕਰ ਦਿਤੀ ਜਾਵੇਗੀ ਅਤੇ ਈਐਮਡੀ ਦੀ ਰਕਮ ਉਨ੍ਹਾਂ ਨੂੰ ਈ ਨਿਲਾਮੀ ਫਾਰਮ ਵਿਖੇ ਦਰਸਾਈ ਵਿਧੀ ਦੁਆਰਾ ਮੋੜ ਦਿਤੀ ਜਾਵੇਗੀ। ਕੋਈ ਵਿਅਕਤੀ ਜੋ ਨਿਲਾਮੀ ਵਿਚ ਭਾਗ ਲੈਣਾ ਚਾਹੁੰਦਾ ਹੈ ਉਸ ਕੋਲ ਸਮਰਥ ਅਥਾਰਟੀ ਵਲੋਂ ਜਾਰੀ ਯੋਗ ਡਿਜੀਟਲ ਸਿਗਨੇਚਰ ਸਰਟਿਫਿਕੇਟ ਹੋਣਾ ਚਾਹੀਦਾ ਹੈ। ਇਹ ਬੋਲੀਕਾਰ ਦੀ ਜਿਮੇਵਾਰੀ ਹੈ ਕਿ ਉਹ ਬੋਲੀ ਵਿਚ ਭਾਗ ਲੈਣ ਲਈ ਡਿਜੀਟਲ ਸਿਗਨੇਚਰ ਸਰਟਿਫਿਕੇਟ, ਈਮੇਲ ਆਈਡੀ ਅਤੇ ਇੰਟਰਨੈਟ ਕੁਨੇਕਸ਼ਨ ਦੇ ਨਾਲ ਕੰਪਿਊਟਰ ਸਿਸਟਮ ਦੀ ਵਿਵਸਥਾ ਕਰੇ। ਆਨਲਾਈਨ ਬੋਲੀ ਦਰਮਿਆਨ ਡਿਜੀਟਲ ਸਿਗਨੇਚਰ ਸਰਟਿਫਿਕੇਟ ਅਤੇ ਕਨਕਟਿਵਟੀ ਸਬੰਧੀ ਰੁਕਾਵਟ ਲਈ ਬੋਲੀਕਾਰ ਖੁਦ ਜਿੰਮੇਵਾਰ ਹੋਵੇਗਾ ਅਤੇ ਇਸ ਸਬੰਧੀ ਕੋਈ ਵੀ ਦਾਅਵਾ ਮੰਨਿਆ ਨਹੀਂ ਜਾਵੇਗਾ।

ਜੇਕਰ ਈ-ਨਿਲਾਮੀ ਖਤਮ ਹੋਣ ਦੇ ਆਖਰੀ 5 ਮਿੰਟ ਦਰਮਿਆਨ ਕੋਈ ਬੋਲੀ ਆਉਦੀ ਹੈ ਤਾਂ ਆਪਣੇ ਆਪ ਹੀ ਈ-ਨਿਲਾਮੀ ਦਾ ਸਮਾਂ 5 ਮਿੰਟ ਵਧਾ ਦਿਤਾ ਜਾਵੇਗਾ ਤਾਂ ਜੋ ਹੋਰ ਬੋਲੀਕਾਰਾ ਨੂੰ ਆਪਣੀ ਬੋਲੀ ਵਧਾਉਣ ਦਾ ਮੌਕਾ ਮਿਲ ਸਕੇ ਅਤੇ ਜੇਕਰ ਵਧੇ 5 ਮਿੰਟਾਂ ਤਕ ਕੋਈ ਬੋਲੀ ਨਹੀਂ ਆਉਦੀ ਤਾ ਨਿਲਾਮੀ ਦੀ ਪ੍ਰਕਿਰਿਆ ਬੰਦ ਕਰ ਦਿਤੀ ਜਾਵੇਗੀ। ਚੱਲ/ਅਚੱਲ ਜਾਇਦਾਦ ਦੇ ਸਬੰਧ ਵਿਚ ਹਰੇਕ ਲਾਟ ਦੀ ਕੀਮਤ ਦੀ ਅਦਾਇਗੀ ਵਿਰਕੀ ਦੇ ਸਮੇਂ ਜਾਂ ਵਿਕਰੀ ਕਰਵਾਊਣ ਵਾਲਾ ਅਫਸਰ ਦੇ ਨਿਰਦੇਸ ਮੁਤਾਬਕ ਅਦਾ ਕਰਨੀ ਹੋਵੇਗੀ, ਅਤੇ ਅਦਾਇਗੀ ਵਿਖੇ ਦੋਸੀ ਹੋਣ 'ਤੇ ਜਾਇਦਾਦ ਮੁੜ ਨਿਲਾਮ ਕੀਤੀ ਜਾਵੇਗੀ।

ਸਫ਼ਲ ਬੋਲੀਕਾਰ ਨੂੰ ਆਖਰੀ ਬੋਲੀ ਦਾ 25 ਫੀਸਦੀ ਈਐਮਡੀ ਐਡਜਸਟ ਕਰਨ ਉਪਰੰਤ ਉਪਰ ਦਰਸਾਏ ਮੁਤਾਬਕ ਦਸੇ ਖਾਤੇ/ਡਿਮਾਂਡ ਡਰਾਫਟ/ਬੈਂਕਰ ਚੈਕ/ਪੇ ਆਰਡਰ ਰਾਹੀਂ ਅਗਲੇ ਦਿਨ ਤੱਕ ਅਦਾ ਕਰਨੀ ਹੋਵੇਗੀ ਜੇਕਰ ਅਗਲੇ ਦਿਨ ਛੁਟੀ ਜਾਂ ਐਤਵਾਰ ਹੈ ਤਾਂ ਅਗਲੇ ਕਾਰਜ ਵਾਲੇ ਦਿਨ ਅਦਾ ਕੀਤੀ ਜਾਵੇ।

ਖਰੀਦਦਾਰ ਨੂੰ ਵਿਕਰੀ ਰਕਮ ਦਾ ਬਾਕੀ 75 ਫੀਸਦੀ ਜਾਇਦਾਦ ਦੀ ਵਿਰਕੀ ਤੋਂ 15 ਦਿਨਾਂ ਦੇ ਅੰਦਰ ਅਦਾ ਕਰਨੀ ਹੋਏਗੀ, ਜੇਕਰ 15ਵਾਂ ਦਿਨ ਐਤਵਾਰ ਜਾਂ ਹੋਰ ਛੁਟੀ ਹੁੰਦੀ ਹੈ ਤਾਂ 15 ਦਿਨ ਤੋਂ ਬਾਅਦ ਪਹਿਲੇ ਕਾਰਜ ਵਾਲੇ ਦਿਨ ਅਦਾ ਕਰਨੀ ਹੋਵੇਗੀ। ਉਪਰੋਕਤ ਰਕਮ ਤੋਂ ਇਲਾਵਾ ਖਰੀਦਦਾਰ ਨੂੰ **ਵਸੂਲੀ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)** ਨੂੰ ਪੌਂਡੇਜ ਫੀਸ ਜੋ ਕਿ ਰੁਪਏ 1000/- 'ਤੇ 2 ਫੀਸਦੀ ਦੀ ਦਰ ਨਾਲ ਅਤੇ ਰੁਪਏ 1000/- ਤੋਂ ਵੱਧ ਲਈ 1 ਫੀਸਦੀ ਡਿਮਾਂਡ ਡਰਾਫਟ ਰਾਹੀ **ਰਜਿਸਟਰਾਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)** ਨੂੰ ਅਦਾ ਕਰਨੀ ਹੋਵੇਗੀ।

ਮਿਥੇ ਸਮੇਂ ਦਰਮਿਆਨ ਰਕਮ ਦੀ ਅਦਾਇਗੀ ਵਿਚ ਅਸਫਲ ਰਹਿਣ ਜਮਾਂ ਕਰਵਾਈ ਰਕਮ ਜਬਤ ਕਰ ਲਈ ਜਾਵੇਗੀ ਅਤੇ ਜੇਕਰ ਨਿਮਨਹਸਤਾਖਰੀ ਨੂੰ ਠੀਕ ਲਗਦਾ ਹੈ ਤਾਂ ਵਿਕਰੀ ਦੇ ਖਰਚੇ ਨੂੰ ਕੱਢ ਕੇ ਸਰਕਾਰ ਨੂੰ ਅਦਾ ਕੀਤੀ ਜਾਵੇਗੀ ਅਤੇ ਦੋਸ਼ੀ ਖਰੀਦਦਾਰ ਦਾ ਜਾਇਦਾਦ ਜਾਂ ਰਕਮ ਦੇ ਕਿਸੇ ਭਾਰ ਜਿਸ ਲਈ ਦੁਬਾਰਾ ਵੇਚੀ ਜਾਣੀ ਹੈ 'ਤੇ ਕੋਈ ਹੱਕ ਨਹੀਂ ਹੋਵੇਗਾ। ਵਿਕਰੀ ਦਾ ਨਵਾਂ ਐਲਾਨਨਾਮਾ ਜਾਰੀ ਕਰਕੇ ਜਾਇਦਾਦ ਮੁੜ ਵੇਚੀ ਜਾਵੇਗੀ। ਸਰਵੋਚ ਬੋਲੀਕਾਰ ਦਾ ਜਾਇਦਾਦ 'ਤੇ ਕੋਈ ਹੱਕ/ਟਾਈਟਲ ਨਹੀ ਹੋਵੇਗਾ ਜਦੋ ਤੱਕ **ਵਸੂਲੀ ਅਫਸਰ ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)** ਦੁਆਰਾ ਵਿਰਕੀ ਮੰਜੂਰ ਨਹੀ ਕੀਤੀ ਜਾਂਦੀ।

ਅਸਫਲ ਬੋਲੀਕਾਰਾਂ ਦੀ ਈਐਮਡੀ ਰਕਮ ਜੇਕਰ ਈਐਮਡੀ ਆਨਲਾਈਨ ਜਮਾਂ ਕਰਵਾਈ ਗਈ ਹੈ ਤਾ ਆਨਲਾਈਨ ਮਾਧਿਅਮ ਰਾਹੀਂ ਮੋੜ ਦਿਤੀ ਜਾਵੇਗੀ। ਜੇਕਰ ਈਐਮਡੀ ਡੀਡੀ/ਬੀਸੀ/ਪੇ ਆਰਡਰ ਰਾਹੀਂ ਜਮਾਂ ਕਰਵਾਈ ਗਈ ਹੈ ਤਾਂ ਉਹ ਹੱਥੀਂ ਮੋੜੀ ਜਾਵੇਗੀ। ਈ-ਨਿਲਾਮੀ ਈਐਮਡੀ ਫਾਰਮ ਦੀ ਫੋਟੋ ਕਾਪੀ ਅਸਲ ਆਈਡੀ ਸਬੂਤ ਦੇ ਨਾਲ ਪ੍ਰਸਤੁਤ ਕੀਤੀ ਜਾਵੇ। ਈਐਮਡੀ ਰਕਮ 'ਤੇ ਕੋਈ ਵਿਆਜ ਨਹੀਂ ਦਿਤਾ ਜਾਵੇਗਾ। ਈ-ਨਿਲਾਮੀ ਈਐਮਡੀ ਫਾਰਮ ਵਿਖੇ ਦਰਜ ਨਾਮ ਤੋਂ ਇਲਾਵਾ ਵਿਕਰੀ ਸਰਟੀਫਿਕੇਟ ਵਿਖੇ ਕਿਸੇ ਹੋਰ ਨਾਮ ਨੂੰ ਦਰਜ/ਬਦਲਾਅ ਦੀ ਬੇਨਤੀ ਨਹੀਂ ਮੰਨੀ ਜਾਵੇਗੀ।

ਜੇਕਰ ਜਾਇਦਾਦ ਦੇ 1 ਤੋਂ ਵਧ ਆਈਟਮ ਵੇਚੀ ਜਾਂਦੀ ਹੈ ਤਾ ਜਾਇਦਾਦ ਦੀ ਵਿਕਰੀ ਵਿਕਰੀ ਨੋਟਿਸ ਵਿਚ ਦਰਸਾਈ ਲੜੀ ਮੁਤਾਬਕ ਕਰਨ ਦੀ ਬਜਾਏ ਸਹੂਲਤ ਮੁਤਾਬਕ ਕੀਤੀ ਜਾਵੇਗੀ।

ਐਨਆਰਆਈ ਬੋਲੀਕਾਰ ਆਪਣੇ ਪਾਸਪੋਰਟ ਦੇ ਫੋਟੋ ਵਾਲੇ ਸਫੇ ਦੀ ਕਾਪੀ ਅਤੇ ਭਾਰਤੀ ਮਿਸ਼ਨ (ਅਬੈਂਸੀ) ਦੁਆਰਾ ਸਮਰਥਨ ਹੋਣਾ ਬਹੁਤ ਜਰੂਰੀ ਹੈ। ਚੱਲ/ਅਚੱਲ ਜਾਇਦਾਦ 'ਜਿਵੇਂ ਹੈ ਜਿਥੇ ਹੈ ਅਤੇ ਜਿਵੇਂ ਹੈ ਜੋ ਹੈ' ਦੇ ਆਧਾਰ 'ਤੇ ਵੇਚੀ ਜਾਵੇਗੀ ਅਤੇ ਨਿਯਮ ਮੁਤਾਬਕ ਪਬਲਿਕੇਸ਼ਨ ਚਾਰਜਜ, ਰੈਵਿਨਿਊ ਅਤੇ ਹੋਰ ਭਾਰ ਲਾਗੂ ਹੋਣਗੇ। ਨਿਮਨਹਤਾਖਰੀ ਨੂੰ ਇਹ ਹੱਕ ਹੋਵੇਗਾ ਕਿ ਉਹ ਬਿਨਾ ਕੋਈ ਕਾਰਨ ਦਸੇ ਜੇਕਰ ਉਸ ਨੂੰ ਸਹੀਂ ਨਹੀਂ ਲਗਦਾ ਉਹ ਕਿਸੇ ਜਾਂ ਸਾਰੀਆਂ ਬੋਲੀਆਂ ਨੂੰ ਮੰਜੂਰ ਜਾਂ ਖਾਰਜ ਜਾਂ ਮੁਲਤਵੀ ਕਰ ਸਕਦਾ ਹੈ।

ਵਿਕਰੀ ਦੇ ਇਸ ਘੋਸ਼ਣਾ ਦੇ ਵੇਰਵੇ ਵੈਬਸਾਈਟ: **www.drt.gov.in** 'ਤੇ ਦੇਖੇ ਜਾ ਸਕਦੇ ਹਨ।

**ਜਾਇਦਾਦ ਦੀ ਸਾਰਣੀ**

| ਲਾਟ ਨੰ | ਜਾਇਦਾਦ ਦਾ ਵੇਰਵਾ ਜੋ ਵੇਚੀ ਜਾਣੀ ਹੈ | ਜਾਇਦਾਦ ਜਾਂ ਉਸ ਦੇ ਭਾਗ 'ਤੇ ਮੁਲਾਂਕਣ ਮਾਲੀਆ | ਜਾਇਦਾਦ 'ਤੇ ਬਕਾਇਆ ਭਾਰ ਦਾ ਵੇਰਵਾ | ਜਾਇਦਾਦ 'ਤੇ ਕੋਈ ਦਾਅਵਾ ਅਤੇ ਇਸ ਦੀ ਕਿਸਮ ਅਤੇ ਰਕਮ 'ਤੇ ਕੋਈ ਹੋਰ ਅਦਾਇਗੀ ਦੀ ਜਾਣਕਾਰੀ |
|---|---|---|---|---|
| 1. | ਜਮੀਨ ਮਿਣਤੀ 15 ਕਨਾਲ 7ਮ 06 ਸਰਸਾਹੀ ਸਥਿਤੀ ਪਿੰਡ ਬਰਨਾਲਾ ਕਲਾਂ, ਤਹਿਸੀਲ ਅਤੇ ਜ਼ਿਲ੍ਹਾ ਨਵਾਂਸ਼ਹਿਰ (ਆਰਟੀਡੀ 1424 ਮਿਤੀ : 13.07.1994) ਸ਼੍ਰੀ ਪ੍ਰੇਮ ਪਾਲ ਗਾਂਧੀ ਦੇ ਨਾਂ ਹੈ। | ਪਤਾ ਨਹੀਂ | ਪਤਾ ਨਹੀਂ | ਪਤਾ ਨਹੀਂ |

**ਨੋਟ :**
**ਮੇਰੇ ਹਸਤਾਖਰ ਅਤੇ ਮੋਹਰ ਦੇ ਨਾਲ ਮਿਤੀ 16.04.2024 ਨੂੰ ਜਾਰੀ।**

**ਹਸਤਾਖਰ**
**ਕਰਜ਼ਾ ਵਸੂਲੀ ਟ੍ਰਿਬਿਊਨਲ, ਚੰਡੀਗੜ੍ਹ** (**ਡੀਆਰਟੀ 3**)

# ਦਸਮੇਸ਼ ਕਾਨਵੈਂਟ ਸਕੂਲ ਸਰਦੂਲਗੜ੍ਹ ਦੀ ਮਹਿਕਪ੍ਰੀਤ, ਗੁਰਵੀਰ, ਸਨੇਹਾ ਤੇ ਅਰਸ਼ਦੀਪ ਨੇ ਪੰਜਾਬ ਮੈਰਿਟ 'ਚ ਬਣਾਏ ਸਥਾਨ

## 8ਵੀਂ ਜਮਾਤ 'ਚ ਜ਼ਿਲ੍ਹੇ 'ਚੋਂ ਪਹਿਲੇ, ਦੂਸਰੇ ਤੇ ਤੀਸਰੇ ਸਥਾਨ 'ਤੇ ਕਾਬਜ਼

**ਗੁਰਜੀਤ ਸ਼ੀਂਹ**
**ਮਾਨਸਾ/30 ਅਪ੍ਰੈਲ :** ਅੱਜ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਐਲਾਨੇ ਗਏ ਬਾਰਵੀਂ ਅਤੇ ਅੱਠਵੀਂ ਕਲਾਸ ਦੀ ਮੈਰਿਟ ਸੂਚੀ ਵਿੱਚ ਹਰ ਸਾਲ ਮੈਰਿਟ ਰੈਂਕ ਪ੍ਰਾਪਤ ਕਰਨ ਦਾ ਰਿਕਾਰਡ ਜਾਰੀ ਰੱਖਦਿਆਂ ਸਕੂਲ ਵਿਦਿਆਰਥੀਆਂ ਨੇ ਚਾਰ ਮੈਰਿਟਾਂ ਹਾਸਿਲ ਕਰਕੇ ਅਤੇ ਅੱਠਵੀਂ ਕਲਾਸ ਵਿੱਚੋਂ ਜਿਲ੍ਹੇ ਵਿੱਚੋਂ ਪਹਿਲੇ ਤਿੰਨੇ ਸਥਾਨਾ ਤੇ ਕਬਜਾ ਕਰਕੇ ਇਤਿਹਾਸ ਸਿਰਜਿਆ।

ਪ੍ਰਿੰਸੀਪਲ ਸ੍ਰ: ਭੁਪਿੰਦਰ ਸਿੰਘ ਸੰਧੂ ਨੇ ਦੱਸਿਆਂ ਕਿ ਸਕੂਲ ਦੀ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਮਹਿਕਪ੍ਰੀਤ ਕੌਰ ਸਪੁੱਤਰੀ ਹਰਜਿੰਦਰ ਸਿੰਘ ਵਾਸੀ ਫੂਸ ਮੰਡੀ ਨੇ 489-500 (97.80%) ਅੰਕ ਪ੍ਰਾਪਤ ਕਰਕੇ ਪੰਜਾਬ ਮੈਰਿਟ ਵਿੱਚ 12ਵਾਂ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅੱਠਵੀਂ ਜਮਾਤ ਦੇ ਗੁਰਵੀਰ ਸਿੰਘ ਸਪੁੱਤਰ ਭਜਨ ਸਿੰਘ ਵਾਸੀ ਸਰਦੂਲਗੜ੍ਹ ਨੇ 595-600 (99.17%) ਅੰਕ ਪ੍ਰਾਪਤ ਕਰਕੇ ਪੰਜਾਬ ਵਿੱਚੋਂ 5ਵਾਂ ਰੈਂਕ ਅਤੇ ਜਿਲ੍ਹੇ ਵਿੱਚੋਂ ਪਹਿਲਾ ਸਥਾਨ, ਸਨੇਹਾ ਸਪੁੱਤਰੀ ਰੋਹਤਾਸ਼ ਕੁਮਾਰ ਵਾਸੀ ਖੈਰਾ ਕਲਾਂ ਨੇ 591-600 (98.50%) ਅੰਕ ਪ੍ਰਾਪਤ ਕਰਕੇ ਪੰਜਾਬ ਵਿੱਚੋਂ 9ਵਾਂ ਰੈਂਕ ਅਤੇ ਜਿਲ੍ਹੇ ਵਿੱਚੋਂ ਦੂਸਰਾ ਸਥਾਨ ਅਤੇ ਅਰਸ਼ਦੀਪ ਕੌਰ ਸਪੁੱਤਰੀ ਗੁਰਵਿੰਦਰ ਸਿੰਘ ਵਾਸੀ ਆਹਲੂਪੁਰ ਨੇ 589-600 (98.17%) ਅੰਕ ਪ੍ਰਾਪਤ ਕਰਕੇ ਪੰਜਾਬ ਵਿੱਚੋਂ 11ਵਾਂ ਰੈਂਕ ਅਤੇ ਜਿਲ੍ਹੇ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਦਸਵੀਂ ਕਲਾਸ ਦੇ ਨਤੀਜੇ ਵਿੱਚ ਵੀ ਅਰਜ਼ ਸਪੁੱਤਰੀ ਜੀਵਨ ਕੁਮਾਰ ਵਾਸੀ ਸਰਦੂਲਗੜ੍ਹ 629-650 (97%) ਅੰਕ ਪ੍ਰਾਪਤ ਕਰਕੇ ਪੰਜਾਬ ਮੈਰਿਟ ਵਿੱਚ 17ਵਾਂ ਰੈਂਕ ਪ੍ਰਾਪਤ ਕੀਤਾ ਹੈ।

ਇਸ ਤਰ੍ਹਾਂ ਸਕੂਲ ਵੱਲੋਂ ਅੱਠਵੀਂ, ਦਸਵੀਂ, ਬਾਰਵੀਂ ਦੀਆਂ 5 ਮੈਰਿਟਾਂ ਹਾਸਿਲ ਕਰਕੇ ਸਰਦੂਲਗੜ੍ਹ ਅਤੇ ਜਿਲੇ ਮਾਨਸਾ ਦਾ ਨਾਮ ਪੰਜਾਬ ਪੱਧਰ ਤੇ ਰੌਸ਼ਨ ਕੀਤਾ। ਇਸ ਪ੍ਰਾਪਤੀ ਤੇ ਸਕੂਲ ਦੇ ਪ੍ਰਿੰਸੀਪਲ ਭੁਪਿੰਦਰ ਸਿੰਘ ਸੰਧੂ ਨੇ ਸਮੂਹ ਸਟਾਫ, ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈਆਂ ਦਿੰਦਿਆਂ ਦੱਸਿਆ ਕਿ ਇੰਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ 11000/-,11000/- ਰੂਪੈ ਦੀ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਵੇਗਾ।



# ਸੁਰੇਸ਼ ਸਿੰਗਲਾ ਬਣੇ ਪ੍ਰੈਸ ਕਲੱਬ ਭੀਖੀ ਦੇ ਪ੍ਰਧਾਨ

## ਕਿਹਾ, ਪੱਤਰਕਾਰਾਂ ਦੀਆਂ ਮੁਸ਼ਕਲਾਂ ਕਰਾਵਾਂਗੇ ਹੱਲ

**ਪੱਤਰ ਪ੍ਰੇਰਕ**
**ਭੀਖੀ/30 ਅਪ੍ਰੈਲ :** ਭੀਖੀ ਪ੍ਰੈਸ ਕਲੱਬ ਦੀ ਚੋਣ ਮੀਟਿੰਗ ਸਥਾਨਕ ਹਨੂੰਮਾਨ ਮੰਦਰ ਵਿਖੇ ਵੇਦ ਤਾਇਲ ਦੀ ਪ੍ਰਧਾਨਗੀ ਹੇਠ ਹੋਈ।

ਜਿਸ ਵਿੱਚ ਨਵੀਂ ਚੋਣ ਵਿੱਚ ਸੁਰੇਸ਼ ਸਿੰਗਲਾ ਨੂੰ ਸਰਬਸੰਮਤੀ ਨਾਲ ਪ੍ਰੈਸ ਕੱਲਬ ਦਾ ਪ੍ਰਧਾਨ ਚੁਣਿਆ ਗਿਆ।

ਇਸ ਤੋਂ ਇਲਾਵਾ ਡੀ.ਪੀ. ਜਿੰਦਲ ਅਤੇ ਵੇਦ ਤਾਇਲ ਸ੍ਰਪਰਸਤ, ਬਲਕਾਰ ਸਹੋਤਾ ਜਰਨਲ ਸਕੱਤਰ, ਬਲਦੇਵ ਸਿੰਘ ਸਿੱਧੂ ਸੀਨੀਅਰ ਮੀਤ ਪ੍ਰਧਾਨ, ਬਹਾਦਰ ਖਾਨ ਮੀਤ ਪ੍ਰਧਾਨ, ਧਰਮਵੀਰ ਸ਼ਰਮਾ ਖਜਾਨਚੀ, ਕਰਨ ਭੀਖੀ ਪ੍ਰੈਸ ਸਕੱਤਰ ਤੋਂ ਇਲਾਵਾ ਕਮਲ ਜਿੰਦਲ ਸਹਾਇਕ ਪ੍ਰੈਸ ਸਕੱਤਰ ਚੁਣੇ ਗਏ।

ਇਸ ਤੋਂ ਇਲਾਵਾ ਸੰਦੀਪ ਜਿੰਦਲ ਅਤੇ ਮੁਨੀਸ਼ ਜਿੰਦਲ ਨੂੰ ਕਾਰਜਕਾਰੀ ਮੈਂਬਰ ਚੁਣਿਆ ਗਿਆ। ਨਵਨਿਯੁਕਤ ਪ੍ਰਧਾਨ ਸੁਰੇਸ਼ ਸਿੰਗਲਾ ਨੇ ਕਿਹਾ ਕਿ ਉਹ ਪੱਤਰਕਾਰਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਦੇ ਹੱਲ ਲਈ ਹਮੇਸ਼ਾ ਤਤਪਰ ਰਹਿਣਗੇ।

ਇਸ ਮੌਕੇ ਉਨ੍ਹਾਂ ਸ਼੍ਰੀ ਹਨੂੰਮਾਨ ਮੰਦਰ ਵਿਖੇ ਨਤਮਸਤਕ ਹੋ ਕੇ ਸ਼੍ਰੀ ਬਾਲਾ ਜੀ ਦਾ ਆਸ਼ੀਰਵਾਦ ਵੀ ਲਿਆ। ਉਨ੍ਹਾਂ ਨੂੰ ਸ਼੍ਰੀ ਹਨੂੰਮਾਨ ਮੰਦਰ ਕਮੇਟੀ ਦੇ ਪ੍ਰਧਾਨ ਹਰਬੰਸ ਬਾਂਸਲ, ਸੁਸ਼ੀਲ ਜੈਨ ਅਤੇ ਮੰਦਰ ਦੇ ਮੁੱਖ ਪੁਜਾਰੀ ਪੰਡਤ ਪਵਿੱਤਰ ਸਾਸ਼ਤਰੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ।



### ਰੀਜੈਂਸੀ ਫਿਨਕੋਰਪ ਲਿਮਟਿਡ
ਰਜਿ. ਦਫਤਰ : ਯੂਨਿਟ ਨੰ. 57-58, ਚੌਥੀ ਮੰਜ਼ਿਲ, ਸੁਸ਼ਮਾ ਇਨਫੀਨੀਅਮ, ਚੰਡੀਗੜ੍ਹ-ਅੰਬਾਲਾ ਹਾਈਵੇਅ, ਜ਼ੀਰਕਪੁਰ, ਮੋਹਾਲੀ, ਪੰਜਾਬ-140603,
ਸੀਆਈਐਨ : **L67120PB1993PLC013169**, ਫੋਨ : +91-7717593645
ਵੈਬਸਾਈਟ : **www.regencyfincorp.com**, ਈਮੇਲ ਆਈਡੀ : **regencyinvestmentsltd@gmail.com**

**ਮਿਤੀ 31 ਮਾਰਚ, 2024 ਨੂੰ ਖਤਮ ਹੋਈ ਤਿਮਾਹੀ ਅਤੇ ਸਾਲ ਖਾਤਮਾ ਦੇ ਪੜਤਾਲੇ ਵਿੱਤੀ ਨਤਿਜਿਆਂ ਦਾ ਸਾਰ**
(ਰੁਪਏ ਲੱਖਾਂ 'ਚ)

| ਲੜੀ ਨੰ. | ਵੇਰਵੇ | ਤਿਮਾਹੀ ਖਾਤਮਾ 31.03.2024 | ਤਦਨੁਸਾਰ ਤਿਮਾਹੀ ਖਾਤਮਾ 31.03.2023 | ਸਾਲ ਖਾਤਮਾ 31.03.2024 |
|---|---|---|---|---|
| 1 | ਕਾਰੋਬਾਰ ਤੋਂ ਕੁੱਲ ਆਮਦਨ | 384.51 | 365.20 | 1527.51 |
| 2 | ਸ਼ੁੱਧ ਲਾਭ/(ਘਾਟਾ) ਸਮੇਂ ਲਈ (ਟੈਕਸ ਅਤੇ ਅਸਧਾਰਨ ਮੱਦਾਂ ਤੋਂ ਪਹਿਲਾਂ) | 91.60 | 14.15 | 255.86 |
| 3 | ਸ਼ੁੱਧ ਲਾਭ/(ਘਾਟਾ) ਸਮੇਂ ਲਈ ਟੈਕਸ ਤੋਂ ਪਹਿਲਾਂ (ਅਸਧਾਰਨ ਮੱਦਾਂ ਤੋਂ ਬਾਅਦ) | 91.60 | 14.15 | 255.86 |
| 4 | ਸ਼ੁੱਧ ਲਾਭ/(ਘਾਟਾ) ਸਮੇਂ ਲਈ ਟੈਕਸ ਤੋਂ ਬਾਅਦ (ਅਸਧਾਰਨ ਮੱਦਾਂ ਤੋਂ ਬਾਅਦ) | 75.14 | 8.71 | 196.69 |
| 5 | ਕੁਲ ਵਿਆਪਕ ਆਮਦਨ ਸਮੇਂ ਲਈ (ਜਿਸ ਵਿਚ ਸ਼ਾਮਲ ਲਾਭ/(ਹਾਨੀ) ਸਮੇਂ ਲਈ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ)) | 75.14 | 8.71 | 196.69 |
| 6 | ਸੁਨੀਤੀ ਸ਼ੇਅਰ ਪੂੰਜੀ | 3823.05 | 1068.58 | 3823.05 |
| 7 | ਰਾਖਵੇਂ (ਮੁਲਾਂਕਣ ਰਾਖਵੇਂ ਤੋਂ ਬਗੈਰ) | - | - | - |
| 8 | ਪ੍ਰਤੀ ਸ਼ੇਅਰ ਆਮਦਨ (ਰੁ. 10/- ਹਰੇਕ) | | | |
| | 1. ਮੁੱਢਲੇ | 0.20 | 0.08 | 0.51 |
| | 2. ਡਿਲੂਟਿਡ | 0.20 | 0.08 | 0.51 |

ਨੋਟ :
1. ਉਪਰੋਕਤ ਦਰਸ਼ਾਏ ਅੰਕੜੇ ਸੇਬੀ (ਲਿਸਟਿੰਗ ਓਬਲੀਗੇਸ਼ਨਜ ਐਂਡ ਡਿਸਕਲੋਜ਼ਰ ਰਿਕੁਆਰਮੈਂਟਸ) ਰੈਗੂਲੇਸ਼ਨ 2015 ਦੇ ਰੈਗੂਲੇਸ਼ਨ 33 ਤਹਿਤ ਸਟਾਕ ਐਕਸਚੇਂਜ ਵਿਖੇ ਦਰਸ਼ਾਏ ਗਏ ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ ਹੈ। ਸੂੰਰਨ ਵਿੱਤੀ ਨਤੀਜੇ ਅਤੇ ਇਹ ਸਾਰ ਆਡੀਟ ਕਮੇਟੀ ਦੁਆਰਾ ਜਾਂਚੇ ਗਏ ਅਤੇ ਮਿਤੀ 30 ਅਪ੍ਰੈਲ, 2024 ਨੂੰ ਹੋਈ ਮੀਟਿੰਗ ਵਿਖੇ ਕੰਪਨੀ ਦੇ ਬੋਰਡ ਆਫ ਡਾਇਰੈਕਟਰਾਂ ਦੁਆਰਾ ਮੰਜੂਰ ਕੀਤੇ ਗਏ। ਪੜਤਾਲੇ ਵਿਤੀ ਨਤੀਜਿਆਂ ਦੀ ਸਟੇਟਮੇਂਟ ਦਾ ਪੂਰਾ ਵੇਰਵਾ ਕੰਪਨੀ ਦੀ ਵੈਬਸਾਈਟ **www.regencyfincorp.com** ਅਤੇ ਬੀਐਸਈ ਲਿਮਟਿਡ ਦੀ ਵੈਬਸਾਈਟ **www.bseindia.com** 'ਤੇ ਉਪਲੱਬਧ ਹੈ।
2. ਸੇਬੀ (ਲਿਸਟਿੰਗ ਓਬਲੀਗੇਸ਼ਨਜ ਐਂਡ ਡਿਸਕਲੋਜ਼ਰ ਰਿਕੁਆਰਮੈਂਟਸ) ਰੈਗੂਲੇਸ਼ਨ 2015 ਦੇ ਰੈਗੂਲੇਸ਼ਨ 33 ਤਹਿਤ ਲੋੜੀਂਦੀ ਸੁਤੰਤਰ ਆਡੀਟਰ ਦੀ ਰਿਪੋਰਟ ਪੂਰੀ ਕਰ ਲਈ ਗਈ ਹੈ ਅਤੇ ਸਬੰਧਿਤ ਰਿਪੋਰਟ ਦਾ ਮਿਤੀ : 31 ਮਾਰਚ, 2024 ਨੂੰ ਖ਼ਤਮ ਹੋਏ ਤਿਮਾਹੀ ਅਤੇ ਸਾਲ ਦੇ ਉਪਰੋਕਤ "ਨਤੀਜਿਆਂ ਅਤੇ ਨੋਟ" 'ਤੇ ਕੋਈ ਪ੍ਰਭਾਵ ਨਹੀਂ ਹੈ, ਜਿਸ ਦੀ ਸਮੀਖਿਆ ਕੀਤੀ ਜਾਵੇ।

**ਲਈ ਰੀਜੈਂਸੀ ਫਿਨਕੋਰਪ ਲਿਮਟਿਡ**
**ਸਹੀ/-**
**ਗੌਰਵ ਕੁਮਾਰ**
**ਮੈਨੇਜਿੰਗ ਡਾਇਰੈਕਟਰ**
**ਡੀਆਈਐਨ:** 06717452

**ਮਿਤੀ :** 30 **ਅਪ੍ਰੈਲ,** 2024
**ਸਥਾਨ : ਜ਼ੀਰਕਪੁਰ**

# ਸੀਟੀ ਗਰੁੱਪ ਨੇ ਕੌਮਾਂਤਰੀ ਮਜ਼ਦੂਰ ਦਿਵਸ ਮਨਾਇਆ


ਫੋਟੋ : ਇੰਦਰਜੀਤ ਸਿੰਘ ਲਵਲਾ

**ਰੋਗਿਜ਼ ਸੋਢੀ**
**ਜਲੰਧਰ/30 ਅਪ੍ਰੈਲ :** ਸੀਟੀ ਗਰੁੱਪ ਨੇ ਆਪਣੇ ਕੈਂਪਸ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਾਲੇ ਸਾਰੇ ਮਿਹਨਤੀ ਲੋਕਾਂ ਦਾ ਧੰਨਵਾਦ ਕਰਦੇ ਹੋਏ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ । ਸਨਮਾਨ ਸਮਾਰੋਹ ਵਿਖੇ ਪ੍ਰਸ਼ੰਸਾ ਪੱਤਰ ਵੰਡੇ ਗਏ, ਅਤੇ ਕੰਮ ਦੇ ਮਾਹੌਲ ਨੂੰ ਬਿਹਤਰ ਬਣਾਉਣ ਲਈ ਵਿਚਾਰ-ਵਟਾਂਦਰਾ ਕੀਤਾ ਗਿਆ। ਡਾ. ਮਨਬੀਰ ਸਿੰਘ ਨੇ ਸਾਰਿਆਂ ਦੀ ਮਿਹਨਤ ਲਈ ਧੰਨਵਾਦ ਕੀਤਾ। ਡਾ. ਅਰਜਨ ਸਿੰਘ, ਵਿਦਿਆਰਥੀ ਭਲਾਈ ਦੇ ਡੀਨ ਨੇ ਸਟਾਫ ਅਤੇ ਫੈਕਲਟੀ ਨੂੰ ਸਰਗਰਮੀ ਨਾਲ ਹਿੱਸਾ ਲੈਣ ਅਤੇ ਆਪਣੀ ਸੂਝ ਦਾ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ ।